It is painful to note that the media labels Sikhs in a way they do not label other racial or ethnic groups. If an

European commits murder or any other crime , the media does not name his country or his religion as they do in the case of a Sikh. The headlines, mentioning Sikhs , create ill-feelings among other racial groups in the society. It paints the whole Sikh community in bad colours.

In the early stages of the Sikh settlers in Canada the pioneering immigrants ended up as blue collar workers at very low wages. But in the recent decades , the Sikhs have risen to the positions of provincial and federal ministers, members of Parliament and MLA's (Members of Legislative Assemblies), judges, presidents of corporations, engineers, professors, lawyers and doctors.

Of late , the Sikhs have been holding important administration positions in various other fields in Canada. They are and have been working on British Columbia Parole Board, refugee boards, college boards, city chamber boards, on university senates, etc. They are functioning as bank managers and general managers. A turbaned Sikh of Richmond B.C. worked as Chief umpire at Victoria Commonwealth Games in August 1994 , coordinating a pool of 40 umpires. There are a number of Sikhs in the RCMP (Royal Canadian Mounted police), army and navy.

The Sikhs had a lot of success in the cab industry in the areas of Greater Vancouver, Toronto, Montreal, Edmonton, Calgary and Winnipeg. They have stores dealing in cloth, jewellery, grocery, etc. Many of the Sikhs are running restaurants, motels, gas stations and liquor stores. In big cities they are working as successful builders and Realtors. Some of them own very big farms where they provide work to the new immigrants to pluck and grow and cut the vegetables. The Sikh community prospered in wealth in the lumber industry as well some owning big lumber mills.

In the words of Jean Barman , " With their determination, commitment to the new country and willingness to accommodate in order to belong ,pioneer Sikhs were ideal Canadian immigrants. Despite obstacles they survived and thrived. And they achieved their goal of becoming Canadians. These men and women of an earlier time have much to teach us today at the end of the twentieth century."

Prof. John W. Friesen feels that unlike most ethno-cultural groups in Canada, the Sikh community has remained unaffected by the traditional campaign for assimilation waged by the dominant society. Gordon has delineated seven stages towards attaining complete assimilation. The Sikhs have essentially remained independent of even the first stage which suggests that members of an immigrant group should "change their cultural patterns(including religious belief and observance) to that of the dominant society."

Friesen says that there are probably two reasons for this, one, having to do with the success of the Sikh community in trying to maintain their own sub - cultural identity and the second , being the dominant society's very strong opposition to the Sikh ways. Foremost in the campaign to thwart Sikh assimilation is the public antagonism towards the Sikh 'uniform' particularly the practice that the` loyal Sikhs are not to cut their hair (Kesh) and they are required to carry a ceremonial sword (a Kirpan). Growing long hair(including beards) necessitates the wearing of headgear like the turban which was long ago adopted by the Sikhs as a means of keeping their hair in place.

Friesen further writes that it is difficult to understand why the Sikhs have had to be targets of such severe forms of public disapproval when it is primarily a question of differences in costume that sets them apart from the rest of the society. For the most part, the Sikhs live like other Canadians. They are employed in traditional Canadian forms of business

enterprises and in workplaces. They have good market value and work hard for their livelihood. They live in standard houses, engage in regular forms of socializing and like other Canadians attend the church of their choice. The Sikh temples look very different from church buildings constructed by other faiths and they tend to be very well-maintained. The Sikh organisations have contributed heavily towards the Canadian national relief, the Mexico earthquake relief, the European relief fund and the interfaith food bank , to name a few . Still in a survey conducted among Sikhs in Vancouver in 1980, 52 percent said that they had virtually no contact with other Canadians and only ten percent said that they had a lot.

The evidence is clear that the Sikhs are often targets of a form of racism which is virtually without any justifiable foundation . It also tends to enlarge their social distance from other Canadians. In Canada, it seems that the people are not yet free of the notion that human differences (even in costume) are always to be feared.

The Sikhs in Canada have been constantly making efforts for the retention of their identity. They want to keep the Sikh values. Religion is a valid factor and a source of internal strength to the Sikh community and sometimes they feel that the preservation of the Sikh culture and identity are under a serious threat from external influences.

To lime-light their identity the Sikhs often hold seminars and conferences in different parts of Canada. They discuss their problems and find solution to them through fruitful deliberations. Now, more than ever, they are conscious of protecting their identity and telling non-Sikhs how dear it is to them. The Sikhs show full respect to other cultures and do want that their culture to be fully respected. Multiculturalism is a great asset to the Canadian society .

East Indians in British Columbia have established the most deeply rooted community associations and social, economic and religious networks, with the largest of these being the Sikh community in Vancouver. Over ninety-five percent of British Columbia's East Indians are the Sikhs and they have the largest and the most renowned Sikh Temple, Khalsa Diwan Society, Gurdwara, 8000 Ross Street , in Vancouver. Equally large Sikh temples, have been built in Toronto and some other places. This religious institution of the Sikhs keeps their entity homogeneous while maintaining their religious and cultural uniqueness, they are also integrating politically, socially, and economically into the mainstream of the Canadian society.

Through donations of $ 350,000 by Canadian Sikhs and a matching grant by the Canadian Government, a Sikh chair in Punjabi Language, Literature and Sikh Studies was established at the University of British Columbia in Vancouver in 1985.

Professorship in Sikhism in the Department of South East Asian Studies at the University of Toronto was set up in 1987 on the condition of the Sikhs raising $30,000 annually.

Punjabi, alongwith some other Asian languages is spoken in the homes and business of Canadians who form a significant part of the population of British Columbia and some other provinces. The B.C. government included Punjabi in the list of examinable languages with effect from the 1996 - 97 school year.

Canada is ethnically and culturally a diverse country. In essence, to be Canadian is to be multicultural . Canada's heritage embraces all cultures. Cultural diversity is one of the country's most positive national characteristics. It is the belief of the sensible Canadians that more exposure to diverse cultures promotes tolerance, understanding and cooperation, giving them their Canadian identity. Multiculturalism expresses

the present day reality of Canadian society, which is drawn from many parts of the world. Canada is a global community-home for many people of different races and cultures. Canadians are no longer of exclusively French or English origins. More than one third (37 percent) of the current population cannot trace their ancestry back to the French or English. Multiculturism recognises all Canadians as full and equal partners in Canadian society. In ultimate goal of multiculturalism is to make the people of this country fully Canadian and not fully homogeneous.

Former Prime Minister John G. Deffenbaker (1957-63) said," Canada was not a 'melting pot' in which the individuality of each element is destroyed in order to produce a new and totally different element. It is rather a garden into which have been transplanted the hardiest and brightest of flowers from many lands, each retaining in its new environment, the best of the qualities for which it was loved and prized in its native land ."

Henry Cabot Lodege has remarked," Let every man honour and love the land of his birth and race from which he springs and keep their memory green. "

Multiculturalism legitimizes the incorporation of ethnic diversity in the general structure of society. All ethno-cultural groups are held equal. Each individual possesses the right to identify or affiliate with the culture of his or her choice and yet retain full access to economic and social equality. No cultural identity is viewed as taking precedence over another; rather all are valued and encouraged for the contribution they make to society.

The mosaic ideology as a model of reality is- one nation with many people and many cultures---- that is a diversified whole. The mosaic ideal means that members of all ethno-cultural groups can maintain their ethno-cultural distinctiveness. This means that they are willing to adopt a policy of 'Laissez-faire' (live and let live) towards people whose values and lifestyles differ markedly from the own. Thus , the mosaic model assumes that the levels of prejudice and discrimination between the ethnic groups are low enough to allow mutual tolerance. And also no community can assume dominance and control over others. Thus, the society would recognize both the individual human rights of all its citizens and the collective cultural rights of all its ethnic groups, who would be guaranteed the freedom of their religious, linguistic and cultural distinctiveness.

On the other hand, the idea of 'melting-pot' aims at a rejection of the ancestral past. It suggests that human beings can be culturally transformed and set on a path which leads to the creation of the new nation, with a national type, or new model character. It seeks to obliterate the other traditional cultures and to replace them with some preferred ideal. This ideology demands assimilation or absorption to the culture of the host society. The immigrants must have no ethnic identity at all and they should forget their ancestry.

The political leaders of the country and most of the intelligentsia do not subscribe to the 'melting-pot' ideology. Former Prime Minister Pierre Trudeau argued that multiculturalism is integrative and it would make Canada a special place and a stronger place as well. Each of the many fibers contribute its own qualities and Canada gains strength from the combination.

Former Fedral Minister John Munro said, "Multiculturalism ...is an exciting and valid concept. It is a recognition of some fundamental facts about the nature of this country . As well as a French and English fact, there are Italian, Ukrainian, Turkish, Caribbeans and many more cultural facts. These groups with their distinct values, problems and heritage can not be ignored. In fairness, multiculturalism in Canada should include all people

residing here, not just a select few."

Gerry Weiner, former fedral minister, strongly criticizing the opponents of multiculturalism said, " pride in our origins, yes. Why not? What is wrong with preserving with cultural heritage ...a heritage that enriches our society in so many ways? But not at the expense of the respect and understanding for the culture of others. "

Former Prime Minister , Kim Campbell declared that her government was committed to breaking down the barriers that robbed Canada of the full participation in its social, political and economic life of people from outside the historic mainstream... the objectives of her government's multicultural policy were to recognize the reality of Canada's cultural and ethnic diversity and to respond to it in a way that helps them to realize their full potential as a society.

Former Prime Minister Brian Mulroney once told his audience that " racism was the ugliest manifestation of discrimination. It is an evil of modern society and a stigma on the souls of the racists ." Since racism and lack of respect for a culture that is different than that of the majority group has been in the system for a long time, people require sometime to get out of it. They need to be educated that, the more they respect the cultures of others the more cultured they will be. Cultured diversity in a society is a more gorgeous phenomenon than cultural uniformity. Let such people shed off the narrow social grooves that always keep them tightly entangled and come into the variegated world of multicultural society.

Share your culture with others and vice versa and both of you will become culturally richer. Make Canada a multicultural wonderland.

The Canadian Prime Minister , Jean Chretien said, " What sets Canada apart from every other country ----- what makes us a beacon of hope to so many of the world 's people is the welcome and encouragement we extend to those from other lands. People have come to Canada because they know that they can partake in the freedom , prosperity and beauty of its land without being pressured to leave behind all that they value of their cultural identity. By encouraging diversity, Canadians have given our national life a distinctive flavour that is rarely found elsewhere."

The Sikhs have a very distinct culture. It is surprizing rather a pity that even after their conspicuous existence in Canada for a century the non - Sikh Canadians are in utter ignorance of even the very basic principles and practices of their religion and cultural heritage to which the Sikhs stick firmly and devotedly. The Sikh culture and the Canadian majority group culture are not opposed to each other. They are only different. Do we dislike different flowers , different shaped houses or people with different hair-colours? No, we do not . Yearning for a uniform Canadianism is impossible to fulfill. So no such vows be made.

Canada is the world, all in one country . It has gained an international reputation for its enormous diversity. If Canadians do not continue to capitalize on their diversity they risk losing this enviable position. Canadians must live side by side, accepting and valuing differences , building blocks instead of barricades.

The Sikhs are undoubtedly a unique and marvellous people on this planet. Whenever they issue out of their home country they seldom look back and wherever they settle they put their whole heart and soul into their new homeland. But they always carry their cultural heritage baggage with them and keep sticking to it devotedly.

They are perfectly law-abiding citizens. They put at stake even their lives when their dignity, self respect and honour are in jeapordy. Their qualities of superb gentleness, hospitality and honesty make them a people par excellence.

✤ ✤ ✤

CITY OF

COQUITLAM

Mayor L. Sekora

PROCLAMATION

WHEREAS the first Sikhs arrived in British Columbia over a hundred years ago and contributed to the economic and social development of the Province, and;

WHEREAS these early Sikh pioneers faced many challenges and hardships in their efforts to build their community and contribute to Canada, and;

WHEREAS Sikhs were finally extended the right to vote in 1947, and;

WHEREAS the City of Coquitlam, British Columbia recognizes the contributions of these early pioneers, along with succeeding generations of South Asians to the social, cultural, political and economic life of the province, and;

WHEREAS the City of Coquitlam, British Columbia wishes to join with all citizens of the Province to recognize the 100th anniversary of the arrival of Sikhs and the 50th anniversary of enfranchisement, and;

NOW THEREFORE I, Louis Sekora, Mayor of the City of Coquitlam, do hereby proclaim the month of October 1997, as

"CENTENNIAL AND ENFRANCHISEMENT CELEBRATION MONTH"

MAYOR

1111 BRUNETTE AVENUE, COQUITLAM, B.C. V3K 1E9 · PHONE: (604) 664-1400 FAX: (604) 664-1650

Mayo Singh with Pandit Jawahar Lal Nehru. Pandit Nehru shaking hand with Mayo Singh's son.

Canadian Sikhs Centennial Committee / October 1997

ਸਾਲ 1949 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਪਾਲਦੀ, ਬੀ.ਸੀ. ਕੈਨੇਡਾ ਵਿਚ ਭਾਈ ਮੇਓ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਨਾਲ ਹੱਥ ਮਿਲਾਉਂਦੇ ਹੋਏ। ਇਸ ਤਸਵੀਰ ਵਿਚ ਰੰਜੀ ਮੱਟੂ ਅਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜੀ ਦਿਖਾਈ ਦੇ ਰਹੇ ਹਨ।

ਕੈਨੇਡੀਅਨ ਸਿੱਖ ਸ਼ਤਾਬਦੀ ਕਮੇਟੀ / ਅਕਤੂਬਰ 1997

ਸੰਘਰਸ਼ ਦੇ ਰਾਹ 'ਤੇ

ਕੈਨੇਡੀਅਨ ਸਿੱਖ ਇਤਿਹਾਸ ਦਾ ਇਕ ਕਾਂਡ

ਸੋਹਨ ਸੁਰਿੰਦਰ ਸਿੰਘ ਸੰਘਾ

ਸਰਕਾਰੀ ਅੰਕੜਿਆਂ ਦੇ ਮੁਤਾਬਿਕ 1908 ਦੇ ਸ਼ੁਰੂ ਵਿੱਚ ਭਾਰਤੀ ਪੰਜਾਬੀ ਸਿੱਖਾਂ ਦੀ ਆਬਾਦੀ ਕੈਨੇਡਾ ਵਿੱਚ (ਜੋ ਬੀ. ਸੀ. ਵਿੱਚ ਹੀ ਸੀ) 5179 ਸੀ ਟੇਬਲ ਨੰਬਰ।

ਕੈਨਡਾ ਦੇ ਵਿੱਤੀ ਸਾਲ
1904 ਤੋਂ 1907 ਤੱਕ

1904-5	45
1905-6	387
1906-7	2124
1907-8	2623
ਕੁਲ ਜੋੜ	5179

ਕੁਝ ਲੋਕ ਪਹਿਲਾਂ ਅਮਰੀਕਾ ਦੀਆਂ ਬੰਦਰਗਾਹਾਂ 'ਤੇ ਆਉਂਦੇ ਤੇ ਫੇਰ ਕੈਨੇਡਾ ਪੁੱਜ ਜਾਂਦੇ ਸਨ ਜੋ ਸਰਕਾਰੀ ਅੰਕੜਿਆਂ ਵਿੱਚ ਸ਼ੁਮਾਰ ਨਹੀਂ ਹੁੰਦੇ। ਇਸ ਕਰਕੇ ਹੋ ਸਕਦਾ ਹੈ ਆਬਾਦੀ ਉਸ ਵੇਲੇ ਛੇ ਸੱਤ ਹਜ਼ਾਰ ਦੇ ਕਰੀਬ ਹੋਵੇ।

ਇਥੇ ਪੁੱਜੇ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲੀ ਮੁਸਕਿਲ ਢਿੱਡ ਭਰ ਕੇ ਦੂਜੀ ਸਿਰ ਢੱਕਣ ਭਾਵ ਮਕਾਨ ਦੀ ਸੀ। ਬਹੁਤੇ ਲੋਕ ਬੰਕ ਹਾਊਸ ਵਿੱਚ ਰਹਿੰਦੇ। ਪਹਿਲਾਂ ਪਹਿਲ ਘੋੜਿਆਂ ਦੀਆਂ ਬਾਰਨਾਂ ਵਿੱਚ ਭੀ ਗੁਜ਼ਾਰੇ ਕੀਤੇ। ਇਥੋਂ ਤੱਕ ਵੀ ਕਿ ਕਿਸੇ ਦਰੱਖਤ ਥੱਲੇ ਸਾਰੀ ਰਾਤ ਅੱਗ ਬਾਲ ਕੇ (ਸਖਤ ਠੰਢ ਤੋਂ ਬੱਚਣ ਲਈ) ਰਾਤਾਂ ਕੱਟੀਆਂ। ਤੀਜੀ ਮੁਸ਼ਕਿਲ ਸੀ ਕੰਮ ਲੱਭਣ ਦੀ। (ਬੋਲੀ ਨਹੀਂ ਆਉਂਦੀ ਸੀ) ਜਦ ਕੰਮ ਮਿਲ ਜਾਂਦਾ ਤਾਂ ਸਖਤ ਮਿਹਨਤ ਕਰਨੀ ਪੈਂਦੀ। ਉਹ ਕੰਮ ਕਾਇਮ ਰੱਖਣ ਦੀ ਮੁਸਕਿਲ ਹੁੰਦੀ ਸੀ। ਕੰਮ ਮਿਲਣ ਤੋਂ ਬਾਅਦ ਵੀ ਤੇ ਬਾਅਦ ਵਿੱਚ ਨਸਲੀ ਵਿਤਕਰਾ ਸ਼ੁਰੂ ਹੋ ਜਾਂਦਾ। ਉਸਦਾ ਮੁਕਾਬਲਾ ਬੜੇ ਹੌਸਲੇ ਨਾਲ ਕੀਤਾ ਜਾਂਦਾ। ਇਹ ਅੌਕੜਾਂ ਹਰ ਭਾਰਤੀ ਪੰਜਾਬੀ ਸਿੱਖ ਲਈ ਸਨ। ਇਹਨਾਂ ਦਾ ਮੁਕਾਬਲਾ ਇੱਕਲਾ-ਦੁਕੱਲਾ ਨਹੀਂ ਸੀ ਕਰ ਸਕਦਾ। ਨਾ ਹੀ ਦਸ ਵੀਹ ਜਾਂ ਸੌ ਦੋ ਸੌ ਬੰਦਾ ਕਰ ਸਕਦਾ ਸੀ। ਇਸ ਲਈ ਸਾਂਝੀ ਜਥੇਬੰਦੀ ਦੀ ਲੋੜ ਸੀ। ਅਰਜਨ ਸਿੰਘ ਮਲਕ ਦੀਆਂ ਕੋਸ਼ਿਸ਼ਾਂ ਸਦਕਾ 22 ਜੁਲਾਈ 1906 ਨੂੰ ਖਾਲਸਾ ਦੀਵਾਨ ਨਾਂ ਦੀ ਜਥੇਬੰਦੀ ਨੇ ਜਨਮ ਲਿਆ। ਇਸ ਜਥੇਬੰਦੀ ਨੇ ਪਹਿਲਾਂ ਕੰਮ ਉੱਤਰੀ ਅਮਰੀਕਾ ਵਿੱਚ ਗੁਰਦੁਆਰਾ ਉਸਾਰਨ ਦਾ ਕੀਤਾ ਜੋ 1866 ਡਬਲਿਊ-2 ਐਵੇਨਿਊ ਵੈਨਕੂਵਰ ਵਿੱਚ 19 ਜਨਵਰੀ 1908 ਨੂੰ ਮੁਕੰਮਲ ਹੋਇਆ। ਇਥੇ ਭਾਰਤੀਆਂ (ਮੁਸਲਿਮ, ਹਿੰਦੂ ਤੇ ਸਿੱਖ) ਨੂੰ ਆਉਂਦੀ ਹਰ ਅੌਕੜ 'ਤੇ ਵਿਚਾਰ ਹੋਣ ਲੱਗੀ। ਭਾਵ ਭਾਰਤੀਆਂ ਦੇ ਆਰਥਿਕ ਸਮਾਜਿਕ, ਰਾਜਸੀ ਤੇ ਧਾਰਮਿਕ ਜੀਵਨ ਨਾਲ ਸਬੰਧਿਤ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਉਪਰਾਲੇ ਹੋਣ ਲੱਗੇ। ਜਿਹੜੇ ਇਤਿਹਾਸਕ ਹੋ ਨਿਬੜੇ।

ਪਹਿਲਾ ਘੋਲ ਇਥੇ ਟਿਕੇ ਰਹਿਣ ਲਈ ਸੀ। ਗੋਰੇ ਮਜ਼ਦੂਰ, ਆਪਣੇ ਕੰਮ ਦੀ ਖਾਤਿਰ, ਨਸਲਵਾਦੀ, ਈਰਖਾ ਵਸ ਹੋ ਕੇ ਤੇ ਸਰਕਾਰ ਆਪਣੇ ਬਸਤੀਵਾਦੀ ਹਿੱਤਾਂ ਦੀ ਖਾਤਰ ਕੈਨੇਡਾ ਨੂੰ ਸਿਰਫ ਚਿੱਟਿਆਂ ਲਈ ਮੁਲਕ (ਦੇਸ਼) ਰੱਖਣਾ ਚਾਹੁੰਦੇ ਸਨ। ਇਸ ਗੱਲ ਨੂੰ ਅਮਲੀ ਜਾਮਾ ਦੇਣ ਲਈ ਸਭ ਨੇ ਰਲ ਕੇ ਸਾਰੇ ਭਾਰਤੀਆਂ ਨੂੰ ਹਾਂਡੂਰਸ ਭੇਜ ਕੇ ਇਹਨਾਂ ਤੋਂ ਖਲਾਸੀ ਪਾਉਣ ਦੀ ਸਕੀਮ ਬਣਾਈ। ਭਾਰਤੀਆਂ ਦੀ ਜਥੇਬੰਦੀ ਖਾਲਸਾ ਦੀਵਾਨ ਨੇ ਸੰਤ ਤੇਜਾ ਸਿੰਘ ਤੇ ਤਾਰਕਨਾਥ ਦੀ ਸੂਝਵਾਨ ਅਗਵਾਈ ਥੱਲੇ ਸਰਕਾਰ ਦੀ ਇਹ ਸਕੀਮ ਫੇਲ੍ਹ ਕਰ ਦਿੱਤੀ। 10 ਸਤੰਬਰ 1908 ਨੂੰ ਕੈਨੇਡਾ ਦੀ ਸਰਕਾਰ ਨੇ ਪਾਸ ਕਰ ਦਿੱਤਾ ਕਿ ਹਿੰਦੂਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦੇਣ ਦਾ ਕੋਈ ਵਿਚਾਰ ਨਹੀਂ। ਭਾਰਤੀਆਂ ਦੇ ਹੌਸਲੇ ਬੁਲੰਦ ਹੋ ਗਏ। ਹੋਰ ਘੋਲ ਕਰਨ ਲਈ ਤਿਆਰ ਹੋ ਗਏ। ਦੂਜੇ ਪਾਸੇ ਕੈਨੇਡਾ ਦੀ ਸਰਕਾਰ ਨੇ ਇਮੀਗਰੇਸ਼ਨ ਬੰਦ ਕਰਨ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ।

ਉਹਨਾਂ ਦਿਨ ਵਿੱਚ ਭਾਰਤ ਦੀ ਕਿਸੇ ਬੰਦਰਗਾਹ ਤੋਂ ਕੋਈ ਸਮੁੰਦਰੀ ਜਹਾਜ਼ ਮੁਸਾਫਿਰਾਂ ਦੀ ਢੋਅ-ਢੋਆਈ ਲਈ ਉਥੋਂ ਚੱਲਕੇ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ। 18 ਜਨਵਰੀ 1908 ਨੂੰ ਇੱਕ ਆਰਡਰ-ਇਨ-ਕੌਂਸਲ ਪਾਸ ਕੀਤਾ ਜਿਸ ਦਾ ਭਾਵ ਸੀ, 'ਕੈਨੇਡਾ ਆਉਣ ਵਾਲੇ ਸਾਰੇ ਲੋਕ ਆਪਣੀ ਜਨਮ ਭੂਮੀ ਤੋਂ ਸਿੱਧੇ ਟਿਕਟ ਲੈਕੇ ਤੇ ਉਥੋਂ ਹੀ ਸਵਾਰ ਹੋ ਕੇ ਕੈਨੇਡਾ ਨੂੰ ਆਉਣ ਵਾਲੇ ਜਹਾਜ਼ ਵਿੱਚ ਆ ਸਕਦੇ ਹਨ। ਉਸ ਹੁਕਮ ਦਾ ਸਪਸ਼ਟ ਅਰਥ ਸੀ ਕਿ ਹੁਣ ਸਿੱਖ ਭਾਰਤ ਤੋਂ ਆ ਨਹੀਂ ਸਕਣਗੇ। ਕਿਉਂਕਿ ਜੋ ਵੀ ਭਾਰਤੀ ਆਏ ਉਹਨਾਂ ਵਿਚੋਂ 95% ਸਿੱਖ ਸਨ ਜਿਹਨਾਂ ਵਿਚੋਂ 80% ਫੌਜੀ ਸਨ।

ਇਸ ਆਰਡਰ ਦੇ ਜਾਰੀ ਹੋਣ ਨਾਲ ਕੈਨੇਡਾ ਦੀ ਫੈਡਰਲ ਸਰਕਾਰ ਦੀ ਤਸੱਲੀ ਨਾ ਹੋਈ। ਉਹਨਾਂ ਨੂੰ ਭਾਰਤੀ ਲੋਕਾਂ, ਖਾਸ ਕਰ ਸਿੱਖਾਂ ਦੀ ਆਰਥਿਕ ਹਾਲਤ ਦਾ ਪਤਾ ਸੀ ਕਿ ਕਿਸ ਤਰ੍ਹਾਂ ਇਹ ਲੋਕ 250-300 ਰੁਪਏ ਕਿਰਾਏ ਦਾ ਪ੍ਰਬੰਧ ਕਰਕੇ ਚੱਲਦੇ ਹਨ। ਕਈ ਤਾਂ ਆਪਣੀ ਰਹਿੰਦੀ ਖੂੰਹਦੀ ਜ਼ਮੀਨ ਦਾ ਟੁਕੜਾ ਸ਼ਾਹੂਕਾਰ ਕੋਲ ਗਹਿਣੇ ਰੱਖ ਕੇ ਕਿਰਾਏ ਜੋਗੇ ਪੈਸੇ ਲੈ ਕੇ ਆਏ ਸੀ ਹੋਰਨਾਂ ਦੇ ਆਉਣ ਵਿੱਚ ਇੱਕ ਵੱਡੀ ਭਾਰੀ ਅੌਕੜ ਖੜ੍ਹੀ ਕਰਨ ਲਈ ਦੂਸਰਾ ਹੁਕਮ ਆਰਡਰ-ਇਨ-ਕੌਂਸਲ ਛੇ ਮਹੀਨੇ ਮਗਰੋਂ 3 ਜੂਨ 1908 ਨੂੰ ਜਾਰੀ ਕਰ ਦਿੱਤਾ। ਜਿਸ ਦਾ ਭਾਵ ਇਹ ਸੀ ਕਿ ਹਰ ਨਵੇਂ ਆਉਣ ਵਾਲੇ ਕੋਲ 200 ਡਾਲਰ (ਲਗਭਗ 600 ਰੁਪਏ) ਨਕਦ ਹੋਰ ਹੋਵੇ। ਉਪਰੋਕਤ ਦੋਵੇਂ ਹੁਕਮਾਂ ਦੇ ਜਾਰੀ ਹੋਣ ਨਾਲ ਸਿੱਖਾਂ ਦਾ ਕੈਨੇਡਾ ਵਿੱਚ ਆਉਣਾ ਲਗਪਗ ਬੰਦ ਹੀ ਹੋ ਗਿਆ।

ਇਹਨਾਂ ਸਾਲਾਂ ਵਿੱਚ ਹੀ ਕੁਝ ਬੰਦਿਆਂ ਨੂੰ ਜੋ ਕੈਨੇਡਾ ਵਿੱਚ ਦਾਖਲ ਹੋ ਗਏ ਸਨ ਵਾਪਸ ਕੀਤਾ ਗਿਆ ਭਾਵ ਦੇਸ਼-ਨਿਕਾਲਾ ਦੇ ਦਿੱਤਾ। ਸਰਕਾਰ ਦੀ ਗੁਪਤ ਰਿਪੋਰਟ ਦੇ ਮੁਤਾਬਿਕ ਭਾਰਤੀਆਂ ਨੂੰ ਕੈਨੇਡਾ ਵਿੱਚ ਨਾ ਦਾਖਲ ਹੋਣ ਦੇ ਵਰਤੇ ਤਰੀਕੇ ਦਾ ਤੀਰ ਟਿਕਾਣੇ ਲੱਗਾ। 1908 ਵਿੱਚ 2623 ਭਾਰਤੀ ਕੈਨੇਡਾ ਦਾਖਲ ਹੋਏ ਪਰ 1909 ਵਿੱਚ ਆਉਣ ਵਾਲਿਆਂ ਦੀ ਗਿਣਤੀ ਘੱਟ ਕੇ 6 ਰਹਿ ਗਈ।

ਦੂਜੇ ਪਾਸੇ ਪਹਿਲੇ ਆਏ ਭਾਰਤੀਆਂ ਚੋਂ ਨਸਲੀ ਵਿਤਕਰੇ, ਕਾਨੂੰਨ ਦੀਆਂ ਸਖ਼ਤੀਆਂ, ਆਰਥਿਕ ਮੰਦਵਾੜਾ ਅਤੇ ਦੇਸ਼ ਵਿੱਚ ਪਰਿਵਾਰ ਦੇ ਰੁਲਣ (ਪਹਿਲੇ ਇਕੱਲੇ ਮਰਦ

ਹੀ ਆਏ ਸਨ) ਕਰਕੇ ਲਗਭਗ ਅੱਧੇ ਆਪਣੇ ਦੇਸ਼ ਵਾਪਸ ਚਲੇ ਗਏ। ਕੁਝ ਅਮਰੀਕਾ ਜਾ ਵੜੇ। 1911 ਵਿੱਚ ਕੈਨੇਡਾ ਅੰਦਰ ਸਿਰਫ 2342 ਭਾਰਤੀ ਰਹਿ ਗਏ ਸਨ।

ਗੁਰੂ ਘਰ ਬਣਨ ਕਰਕੇ ਭਾਰਤੀਆਂ ਲਈ ਇਕੱਠੇ ਬੈਠ ਕੇ ਦੁੱਖ ਸੁਖ ਫਰੋਲਣ 'ਤੇ ਮਸਲਿਆਂ ਉਤੇ ਵਿਚਾਰ ਕਰਨ ਲਈ ਕੇਂਦਰ ਸਥਾਪਿਤ ਹੋ ਗਿਆ ਸੀ। ਇਸ ਨਵੇਂ ਸੰਗਰਾਮੀ ਜੀਵਨ ਨੇ ਉਹਨਾਂ ਵਿੱਚ ਲੀਡਰ ਵੀ ਪੈਦਾ ਕਰ ਦਿੱਤੇ ਸਨ। ਉਹਨਾਂ ਲੀਡਰਾਂ ਨੇ ਸਰਕਾਰ ਵਲੋਂ ਖੜ੍ਹੀਆਂ ਕੀਤੀਆਂ ਰੁਕਾਵਟਾਂ ਨੂੰ ਲੋਕਾਂ ਵਿੱਚ ਪ੍ਰਚਾਰਨ ਲਈ ਜਲਸੇ ਕਰਨੇ ਸ਼ੁਰੂ ਕੀਤੇ ਤਾਂ ਕਿ ਜਨਤਕ ਅਧਾਰ ਬਣ ਸਕੇ। ਅਜਿਹਾ ਇੱਕ ਜਲਸਾ 24 ਅਪ੍ਰੈਲ 1910 ਨੂੰ ਸ੍ਰੀ ਰਹੀਮ ਦੀ ਪ੍ਰਧਾਨਗੀ ਹੇਠ ਸਵਦੇਸ਼ ਸੇਵਕ ਹਾਲ ਵਿੱਚ ਹੋਇਆ। ਸ੍ਰੀ ਗੁਰੂ ਦੱਤ ਕੁਮਾਰ, ਇੰਦਰ ਸਿੰਘ, ਹਰਨਾਮ ਸਿੰਘ, ਪੰਡਤ ਸ਼ਿਵਦਿਆਲਾ ਰਾਜਾ ਸਾਂਸੀ, ਉਮਰਾਓ ਸਿੰਘ, ਸ਼ੇਰ ਸਿੰਘ, ਪੰਡਤ ਬਾਲ ਮੁਕੰਦ ਸਕਰੂਲੀ, ਨੱਥਾ ਸਿੰਘ, ਗੁਰਮੁਖ ਸਿੰਘ, ਭਾਗ ਰਾਮ, ਨਾਭੀ ਰਾਮ ਰਾਏਕੋਟ, ਕੇਹਰ ਸਿੰਘ, ਤਾਰਕਨਾਥ ਦਾਸ, ਹਜ਼ੂਰਾ ਸਿੰਘ ਤੇ ਹਰਨਾਮ ਸਿੰਘ ਕਾਹਰੀ-ਸਾਹਰੀ ਨੇ ਤਕਰੀਰਾਂ ਕੀਤੀਆਂ। ਹਿੰਦ ਦਫਤਰ ਲੰਡਨ ਨੂੰ ਇੱਕ ਯਾਦ ਪੱਤਰ ਭੇਜਿਆ ਗਿਆ, ਜਿਸ ਵਿੱਚ ਇੰਡੀਆ ਤੋਂ ਸਿੱਧੀਆਂ ਟਿਕਟਾਂ ਦੀ ਬੰਦਸ਼ ਚੁੱਕਣ, ਵਿਦਿਆਰਥੀਆਂ, ਵਪਾਰੀਆਂ ਤੇ ਹਿੰਦੀਆਂ ਦੇ ਟੱਬਰਾਂ ਨੂੰ ਲਿਆਉਣ ਦੀ ਆਗਿਆ ਮੰਗੀ ਗਈ।

ਇਸ ਯਾਦ ਪੱਤਰ ਦਾ ਜਵਾਬ ਨਾਂਹਪੱਖੀ ਹੀ ਦਿੱਤਾ ਗਿਆ। ਹੁਣ ਸਿੱਧੇ ਸਫਰ ਦੀਆਂ ਟਿਕਟਾਂ ਲੈਣ ਦੀ ਸ਼ਰਤ ਵਿਰੁੱਧ ਘੋਲ ਤੁਰ ਪਿਆ। ਵੈਨਕੂਵਰ ਦੀ 'ਹਿੰਦੋਸਤਾਨ ਐਸੋਸੀਏਸ਼ਨ' ਨੇ 30 ਜੂਨ 1910 ਨੂੰ ਲੰਡਨ ਦੇ ਹਿੰਦ ਦਫਤਰ ਅੱਗੇ ਇੱਕ ਤਾਰ ਰਾਹੀਂ ਇਹ ਸ਼ਿਕਾਇਤ ਕੀਤੀ ਕਿ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਮੁਸਲਮਾਨ ਵਪਾਰੀਆਂ ਨੂੰ ਗੈਰਕਾਨੂੰਨੀ ਤੌਰ 'ਤੇ ਦੇਸ਼ ਨਿਕਾਲਾ ਦੇ ਰਹੀ ਹੈ। ਇਸ ਤੋਂ ਮੁਰਾਦ ਸ੍ਰੀ ਹਸਨ ਰਹੀਮ ਸੀ।

ਕਈ ਹਿੰਦੀਆਂ ਦੀ ਜਾਇਦਾਦ ਤੇ ਕੰਮਕਾਰ ਕੈਨੇਡਾ ਵਿੱਚ ਵੀ ਸਨ ਤੇ ਅਮਰੀਕਾ ਵਿੱਚ ਵੀ। ਜਦੋਂ ਉਹ ਅਮਰੀਕਾ ਚਲੇ ਜਾਂਦੇ ਸਨ ਤਾਂ ਉਹਨਾਂ ਨੂੰ ਕੈਨੇਡਾ ਨਹੀਂ ਸੀ ਆਉਣ ਦਿੱਤਾ ਜਾਂਦਾ। ਹਿੰਦੀਆਂ ਨੇ ਇਸ ਸਵਾਲ ਨੂੰ ਚੁੱਕਿਆ ਤੇ ਪ੍ਰਚਾਰਿਆ।

ਹਰ ਕੌਮ ਵਿੱਚ ਮੰਦੇ ਵੀ ਬੰਦੇ ਹੁੰਦੇ ਹਨ ਤੇ ਚੰਗੇ ਇਨਸਾਨ ਵੀ ਹੁੰਦੇ ਹਨ। ਕੁਝ ਮਨੁੱਖ ਹਿਤੈਸ਼ੀ, ਆਜ਼ਾਦੀ ਪਸੰਦ, ਸਰਬੱਤ ਦਾ ਭਲਾ ਚਾਹੁੰਣ ਵਾਲੇ ਮਹਾਂਪੁਰਸ਼ਾਂ ਨੇ 'ਹਿੰਦਸਤਾਨ ਮਿੱਤਰ ਸਭਾ' ਬਣਾਈ ਹੋਈ ਸੀ। ਇਸ ਦੀ ਇੱਕ ਬ੍ਰਾਂਚ ਸਾਨਫਰਾਂਸਿਸਕੋ ਤੇ ਦੂਜੀ ਵਿਕਟੋਰੀਆ ਵਿੱਚ ਸੀ। ਸਾਨਫਰਾਂਸਿਸਕੋ ਵਾਲੀ ਹਿੰਦੁਸਤਾਨ ਮਿੱਤਰ ਸਭਾ ਨੇ, ਜਿਸ ਦੇ ਸਕੱਤਰ ਸ. ਬ. ਵਾਲਟਰਜ ਸਨ ਆਪਣੇ ਦਫਤਰ ਨੰਬਰ 2 ਏ ਸਟਰੀਟ ਤੋਂ 3 ਅਕਤੂਬਰ 1910 ਨੂੰ ਕੈਨੇਡਾ ਵਿੱਚ ਕਾਰ ਵਿਹਾਰ ਰੱਖਣ ਵਾਲੇ ਅਮਰੀਕਾ ਵਿੱਚ ਗਏ। 349 ਹਿੰਦੀਆਂ ਦੇ ਦਸਖਤਾਂ ਨਾਲ ਯਾਦ ਪੱਤਰ ਹਿੰਦੁਸਤਾਨ ਦੇ ਵਾਇਸਰਾਏ ਨੂੰ ਭੇਜਿਆ। ਇਸ ਵਿੱਚ ਲਿਖਿਆ ਸੀ ਕਿ ਉਹਨਾਂ ਨੂੰ ਕੈਨੇਡਾ ਵਿੱਚ ਆਪਣਾ ਕਾਰ ਵਿਹਾਰ ਵੇਖਣ ਜਾਣ ਤੇ ਮੁੜ ਆਉਣ ਦੀ ਆਗਿਆ ਹੋਣੀ ਚਾਹੀਦੀ ਹੈ। ਕਈ ਹਿੰਦੀ ਇਹ ਮੰਗ ਲੈ ਕੇ ਸਾਨਫਰਾਂਸਿਸਕੋ ਦੇ ਅੰਗਰੇਜ਼ ਕੌਂਸਲ ਨੂੰ ਵੀ ਮਿਲੇ ਸਨ।

ਸਰਕਾਰ ਹਿੰਦ ਨੇ ਇਹ ਅਰਜ਼ੀਆਂ ਲੰਡਨ ਦੇ ਹਿੰਦ ਦਫਤਰ ਰਾਹੀਂ ਕੈਨੇਡਾ ਦੀ ਸਰਕਾਰ ਨੂੰ ਭੇਜੀਆਂ। 3 ਅਕਤੂਬਰ 1910 ਵਾਲੀ ਅਰਜ਼ੀ ਦਾ ਜਵਾਬ ਕੈਨੇਡਾ ਸਰਕਾਰ ਨੇ 6 ਅਪ੍ਰੈਲ 1911 ਨੂੰ ਦਿੱਤਾ ਕਿ ਅਮਰੀਕਾ ਦਾ ਘਾਟਾਂ ਦੇ ਮਹਿਕਮੇ ਦਾ ਕਾਨੂੰਨ ਬਹੁਤ ਸਖਤ ਹੈ। ਉਹ ਅਣਚਾਹੇ ਬੰਦਿਆਂ ਤੇ ਗੈਰ ਵਸਨੀਕਾਂ ਨੂੰ ਮੁੜ ਅਮਰੀਕਾ ਨਹੀਂ ਆਉਣ ਦਿੰਦਾ। ਸਾਡੀ ਸਰਕਾਰ ਪਾਸ ਕੋਈ ਤਾਕਤ ਨਹੀਂ ਕਿ ਜੋ ਕੈਨੇਡਾ ਆਏ ਹਿੰਦੀਆਂ ਨੂੰ ਮੁੜ ਅਮਰੀਕਾ ਭੇਜ ਸਕੇ। ਇਸ ਲਈ ਹਿੰਦ ਤੋਂ ਸਿੱਧੇ ਸਫਰ ਦੀਆਂ ਬੰਦਸ਼ਾਂ ਅਮਰੀਕਾ ਤੋਂ ਆ ਰਹੇ ਹਿੰਦੀਆਂ ਤੋਂ ਚੁੱਕੀਆਂ ਨਹੀਂ ਜਾ ਰਹੀਆਂ।ਐਸਾ ਸਾਮਰਾਜੀ ਲਾਭਾਂ ਨੂੰ ਸਥਿਰ ਰੱਖਣ ਲਈ ਕੀਤਾ ਜਾ ਰਿਹਾ ਹੈ। ਬਾਕੀ ਮੰਗਾਂ ਦਾ ਕੋਈ ਜਵਾਬ ਨਾ ਦਿੱਤਾ।

27 ਅਕਤੂਬਰ 1910 ਨੂੰ ਸ੍ਰੀ ਰਹੀਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਲਜ਼ਾਮ ਲਾਇਆ ਗਿਆ ਕਿ ਗੈਰ ਕਾਨੂੰਨ ਤੌਰ 'ਤੇ ਕੈਨੇਡਾ ਦਾਖਲ ਹੋਇਆ ਸੀ। ਤਲਾਸ਼ੀ ਉੱਤੇ ਉਸ ਕੋਲੋਂ ਯੂਰਪ ਤੇ ਅਮਰੀਕਾ ਵਿੱਚ ਮੌਜੂਦ ਹਿੰਦੀ ਇਨਕਲਾਬੀਆਂ ਦੇ ਡਾਕ ਪਤੇ ਲੱਭੇ। ਉਸ ਨੂੰ ਨਜਾਇਜ਼ ਗ੍ਰਿਫਤਾਰੀ ਤੋਂ ਰਿਹਾਅ ਕਰਾਉਣ ਦੀ ਅਰਜ਼ੀ ਦਿੱਤੀ ਗਈ। ਗ੍ਰਿਫਤਾਰੀ ਨੇ ਹਿੰਦੀਆਂ ਦੀ ਕੈਨੇਡਾ ਸਰਕਾਰ ਦੇ ਖਿਲਾਫ ਨਫਰਤ ਨੂੰ ਹੋਰ ਗਰਮ ਕੀਤਾ ਤੇ ਉਹਨਾਂ ਵਿੱਚ ਇੱਕ ਲਹਿਰ ਉੱਭਰ ਆਈ। ਲੋਕ-ਮੀਟਿੰਗਾਂ ਤੇ ਜਲਸੇ ਸ਼ੁਰੂ ਹੋ ਗਏ। ਅਦਾਲਤ ਦੇ ਦਰ ਵੀ ਖੜਕਾਏ। ਰਹੀਮ ਦਾ ਮੁਕੱਦਮਾ ਵੀ ਖਾਲਸਾ ਦੀਵਾਨ ਨੇ ਹੋਰ ਜਥੇਬੰਦੀਆਂ ਦੇ ਨਾਲ ਰਲ ਕੇ ਲੜਿਆ। 11 ਫਰਵਰੀ 1991 ਨੂੰ ਹਾਪਕਿਪਸਨ ਨੇ ਰਿਪੋਰਟ ਕੀਤੀ ਕਿ ਹਿੰਦੀ ਰਹੀਮ ਦਾ ਮੁਕੱਦਮਾ ਜਿੱਤ ਗਏ ਹਨ ਕੈਨੇਡੀਅਨ ਸਰਕਾਰ ਦਾ ਵਕਾਰ ਹਿੰਦੀਆਂ ਵਿੱਚ ਬਹੁਤ ਘੱਟ ਗਿਆ ਹੈ।

ਸਿੱਧੇ ਸਫਰ ਦੀਆਂ ਟਿਕਟਾਂ ਲੈਣ ਵਾਲੇ ਕਾਨੂੰਨ ਨੂੰ ਹਟਾਉਣ ਲਈ ਇੱਕ ਹੋਰ ਅਰਜ਼ੀ ਖਾਲਸਾ ਦੀਵਾਨ ਵੈਨਕੂਵਰ ਤੇ ਹਿੰਦੁਸਤਾਨ ਐਸੋਸੀਏਸ਼ਨ ਵੈਨਕੂਵਰ ਵਲੋਂ 20 ਜੂਨ 1910 ਨੂੰ ਹਿੰਦੁਸਤਾਨ ਦੇ ਗਵਰਨਰ ਜਨਰਲ ਨੂੰ ਮਿਲੀ, ਜਿਸ ਵਿੱਚ ਇਹ ਹਕੀਕਤਾਂ ਦਰਜ਼ ਸਨ ਕਿ ਪੱਛਮੀ ਕੈਨੇਡਾ ਵਿੱਚ 6000 ਹਿੰਦੂ ਹਨ। ਉਹਨਾਂ ਨੇ ਬੜੀ ਦੌਲਤ ਕਮਾਈ ਹੈ। 50 ਲੱਖ ਡਾਲਰ ਕੈਨੇਡਾ ਵਿੱਚ ਲਾਇਆ ਹੈ। ਉਹ ਬੜੇ ਸਬਰ ਵਾਲੇ, ਮਿਹਨਤੀ, ਭਰੋਸੇਯੋਗ, ਕਾਨੂੰਨ ਹੇਠ ਚੱਲਣ ਵਾਲੇ ਹਨ ਤੇ ਬੜੇ ਸਲੀਕੇ ਨਾਲ ਬੀਬੇ ਬਣ ਕੇ ਰਹਿੰਦੇ ਹਨ। ਉਹਨਾਂ ਵਿੱਚ ਗੰਦੀਆਂ ਤੇ ਭੈੜੀਆਂ ਆਦਤਾਂ ਨਹੀਂ। ਭਾਵੇਂ ਉਹ ਸੰਜਮੀ ਤੇ ਸਰਫਾ ਕਰਨ ਵਾਲੇ ਹਨ, ਪਰ ਕੰਜੂਸ ਨਹੀਂ। ਉਹ ਦਿਲ ਖੋਲ੍ਹਕੇ ਦਾਨ ਦਿੰਦੇ ਤੇ ਆਪਣੀ ਆਮਦਨੀ ਅਨੁਸਾਰ ਗੋਰਿਆਂ ਦੇ ਸਟੋਰਾਂ ਵਿੱਚੋਂ ਖਾਣ ਪੀਣ ਦੀਆਂ ਵਸਤਾਂ ਖਰੀਦਦੇ ਹਨ।

ਹਵਾਲੇ ਤੇ ਟਿੱਪਣੀਆਂ

1. **Canada, Report of Royal Commission 1908 p. 75**
2. ਉਪ ਲਿਖਤ ਸਫਾ 5 **The Canada year book, 1920 The Dominion Dureau of Statisties p. 125**
3. ਉਪ ਲਿਖਤ ਸਫਾ 5-6
4. ਉਪ ਲਿਖਤ ਸਫਾ 6
5. **Canada, Sessimal Papers 1907-8 Vol-17, No 36 A, P.7**
6. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, (ਪਹਿਲਾ ਹਿੱਸਾ) 1961, ਸਫਾ 55
7. ਉਪ ਲਿਖਤ ਸਫਾ 56
8. ਉਪ ਲਿਖਤ ਸਫਾ 56
9. ਉਪ ਲਿਖਤ ਸਫਾ 57
10. ਉਪ ਲਿਖਤ ਸਫਾ 57
11. ਉਪ ਲਿਖਤ ਸਫਾ 56

❀ ❀ ❀

ਕੈਨੇਡੀਅਨ ਸਿੱਖ ਸ਼ਤਾਬਦੀ

੧੮੯੭-੧੯੯੭

ਸੁਵਰਨਜੀਤ ਕੌਰ ਨੀਲ
ਰਿਚਮੰਡ, ਬੀ.ਸੀ.

ਕੈਨੇਡਾ ਦੇ ਇਤਿਹਾਸ ਨੂੰ ਖੋਜਣ ਤੋਂ ਪਤਾ ਲੱਗਦਾ ਹੈ ਕਿ ਇਥੇ ਸਾਰੇ ਹੀ ਵਸਨੀਕ ਬਾਹਰਲੇ ਮੁਲਕਾਂ ਤੋਂ ਆ ਕੇ ਵਸੇ ਹੋਏ ਹਨ। ਸਭ ਤੋਂ ਪਹਿਲਾਂ ਲੋਕਲ (ਰੈੱਡ) ਇੰਡੀਅਨ ਪੰਜਾਹ ਹਜ਼ਾਰ ਸਾਲ ਪਹਿਲਾਂ ਪੂਰਬ ਉੱਤਰੀ ਏਸ਼ੀਆ ਤੋਂ ਆਏ ਅਤੇ ਇਥੇ ਵੱਸ ਗਏ। ਆਪਣੀ ਸੰਸਕ੍ਰਿਤੀ ਮੁਤਾਬਿਕ ਗੁਜ਼ਰਾਨ ਕਰਦੇ ਰਹੇ। ਪਰ ਯੌਰਪ ਤੋਂ ਆਏ ਲੋਕਾਂ ਨੇ (ਗੋਰਿਆਂ ਨੇ) ਉਹਨਾਂ ਨੂੰ ਪਿੱਛੇ ਧੱਕ ਦਿੱਤਾ ਤੇ ਚੰਗੀਆਂ ਚੰਗੀਆਂ ਥਾਵਾਂ ਆਪ ਸਾਂਭ ਲਈਆਂ 'ਤੇ ਉਹਨਾਂ ਨੂੰ ਨਸ਼ਿਆਂ ਨੇ ਨਿਕੰਮਾ ਬਣਾ ਦਿੱਤਾ।

੧੮੯੭ ਵਿੱਚ ਮਲਕਾ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੇ ਜਸ਼ਨ ਲਈ ਭਾਰਤੀ ਫੌਜੀਆਂ ਦਾ ਇੱਕ ਦਸਤਾ ਇੰਗਲੈਂਡ ਗਿਆ ਅਤੇ ਵਾਪਸੀ ਵੇਲੇ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਮਾਣ ਵਜੋਂ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਤੇ ਬ੍ਰਿਟਿਸ਼ ਕੋਲੰਬੀਆ ਵਿਖਾਇਆ। ਇਹਨਾਂ ਫੌਜੀਆਂ ਵਿੱਚ ਕੁਝ ਸਿੱਖ ਵੀ ਸਨ। ਜਿਹਨਾਂ ਨੇ ਬ੍ਰਿਟਿਸ਼ ਕੋਲੰਬੀਆ ਦੀ ਧਰਤੀ ਤੇ ਕੈਨੇਡਾ ਵਿੱਚ ਪਹਿਲਾ ਕਦਮ ਰੱਖਿਆ। ਕੈਨੇਡਾ ਵਿੱਚ ਤੇਰਾਂ ਸੂਬੇ ਹਨ। ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਤੇ ਕੁਦਰਤ ਬਹੁਤ ਹੀ ਮਿਹਰਬਾਨ ਹੈ। ਬਰਫਾਨੀ ਚਿੱਟੇ ਦੁੱਧ ਪਹਾੜਾਂ ਦੇ ਨਜ਼ਾਰੇ, ਵਿਸ਼ਾਲ ਸਾਗਰ ਦੀਆਂ ਲਹਿਰਾਂ ਦਾ ਸੰਗੀਤ, ਵਗਦੇ ਦਰਿਆ, ਨਦੀਆਂ, ਬਰਫਾਨੀ ਝਰਨੇ, ਗਰਮ ਪਾਣੀ ਦੇ ਚਸ਼ਮੇ, ਹਰਿਆਲੀ ਭਰਪੂਰ ਅਸਮਾਨ ਨੂੰ ਛੂਹੰਦੇ ਘਣੇ ਜੰਗਲਾਂ ਦੇ ਦਰਖਤ, ਤਰ੍ਹਾਂ ਤਰ੍ਹਾਂ ਦੇ ਫਲਾਂ ਨਾਲ ਲੱਦੇ ਹੋਏ ਦਰਖਤਾਂ ਦੇ ਬਾਗ, ਰੰਗ-ਬਰੰਗੇ ਫੁੱਲਾਂ ਦੇ ਬਗੀਚੇ, ਸ਼ਬਜੀਆਂ ਦੇ ਹਰੇ ਭਰੇ ਖੇਤਾਂ ਦੀ ਫਸਲ ਨੂੰ ਲਹਿਰਾਉਂਦਿਆਂ ਤੱਕ ਕੇ ਸਿੱਖ ਫੌਜੀ ਇਥੋਂ ਦੀ ਧਰਤੀ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਮੌਸਮ ਵੀ ਸਿਰਫ ਤਿੰਨ ਚਾਰ ਮਹੀਨੇ ਦੀ ਸਰਦੀ ਤੋਂ ਇਲਾਵਾ ਬਾਕੀ ਸਮਾਂ ਬਹੁਤ ਹੀ ਸੋਹਣਾ ਰਹਿੰਦਾ ਹੈ। ਇਹਨਾਂ ਫੌਜੀਆਂ ਨੇ ਵਾਪਸ ਜਾ ਕੇ ਪੰਜਾਬ ਵਿੱਚ ਆਪਣੇ ਲੋਕਾਂ ਨੂੰ ਕੈਨੇਡਾ ਜਾ ਕੇ ਵਸਣ ਲਈ ਸਲਾਹ ਦਿੱਤੀ। ਦੂਜੇ ਪਾਸੇ ਕਲਕੱਤੇ ਦੇ ਅਖਬਾਰ ਵੀ ਇਹ ਖਬਰਾਂ ਅਤੇ ਇਸ਼ਤਿਹਾਰ ਕੱਢਦੇ ਸਨ ਕਿ ਕੈਨੇਡਾ ਜਾਓ ਤੇ ਉਥੇ ਵਸੋ।

੧੯੦੦ ਦੇ ਲਗਭਗ ਮਜ਼ਦੂਰੀ ਦਾ ਕੰਮ ਜੰਗਲਾਂ ਵਿੱਚ ਦਰੱਖਤ ਕੱਟਣੇ, ਖਾਨਾਂ ਵਿਚੋਂ ਧਾਤਾਂ ਵਾਲੀ ਮਿੱਟੀ ਕੱਢਣੀ ਅਤੇ ਕੈਨਡੀਅਨ ਪੈਸੇਫਿਕ ਰੇਲਵੇ ਵਾਸਤੇ ਲਾਈਨਾਂ ਵਿਛਾਉਣਾ ਸੀ। ਇਹਨਾਂ ਕੰਮਾਂ ਨੂੰ ਜਾਪਾਨੀ, ਚੀਨੀ ਤੇ ਭਾਰਤੀ ਕਰਦੇ ਸਨ ਅਤੇ ਇਹ ਲੋਕ ਗੋਰਿਆਂ ਨਾਲੋਂ ਘੱਟ ਮਜ਼ਦੂਰੀ ਤੇ ਕੰਮ ਕਰਨ ਨੂੰ ਤਿਆਰ ਸਨ। ਜ਼ਿਆਦਾ ਘੰਟੇ ਕੰਮ ਕਰਨ ਦੇ ਬਾਵਜੂਦ ਵੀ ਖਾਸ ਰਿਆਇਤ ਨਹੀਂ ਸਨ ਮੰਗਦੇ। ਉਹਨਾਂ ਦਿਨਾਂ ਦੇ ਕਾਮਿਆਂ ਵਿੱਚ ਤਕਰੀਬਨ ਦੋ ਸੌ ਦੇ ਕਰੀਬ ਸਾਬਤ ਸੂਰਤ ਸਿੰਘ ਸਨ। ਹੌਲੀ-ਹੌਲੀ ਇਹ ਗਿਣਤੀ ਵੱਧਦੀ ਵੱਧਦੀ ੧੯੦੭ ਵਿੱਚ ਦੋ ਹਜ਼ਾਰ ਤੱਕ ਉਪੜ ਗਈ। ਜਿਥੇ ਵੀ ਸਿੱਖ ਜਾਂਦਾ ਹੈ ਉਥੇ ਅਕਾਲ ਪੁਰਖ ਦਾ ਸ਼ੁਕਰ ਕਰਨ ਲਈ ਤੇ ਆਪਣੇ ਮਨ ਦੀ ਸ਼ਾਂਤੀ ਲਈ ਉਹ ਗੁਰੂ ਘਰ ਬਨਾਉਣ ਦਾ ਜ਼ਰੂਰ ਉਪਰਾਲਾ ਕਰਦਾ ਹੈ। ਇਸੇ ਆਦਰਸ਼ ਨੂੰ ਮੁੱਖ ਰੱਖਕੇ ਸਿੰਘਾਂ ਨੇ ੧੯੦੮ ਵਿੱਚ ਖਾਲਸਾ ਦੀਵਾਨ ਸੁਸਾਇਟੀ ਬਣਾਈ ਤੇ ਕੈਨੇਡਾ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਵੈਨਕੂਵਰ ੧੯੦੬ ਨੂੰ ਵੈਸਟ ਸੈਕਿੰਡ ਐਵੇਨਿਊ ਤੇ ਕਾਇਮ ਕੀਤਾ ਅਤੇ ਪ੍ਰਦੇਸ਼ ਵਿੱਚ ਬੈਠਿਆਂ ਆਪ ਵੀ ਆਤਮਿਕ, ਧਾਰਮਿਕ, ਸਮਾਜਿਕ ਤੇ ਭਾਈਚਾਰਕ ਜੀਵਨ ਨੂੰ ਸੁਹਾਵਣਾ ਬਣਾਇਆ।

ਇਸੇ ਹੀ ਸਾਲ ਬੇਰੁਜ਼ਗਾਰੀ ਵੱਧ ਗਈ। ਗੋਰਿਆਂ ਨੂੰ ਕੰਮ ਨਾ ਮਿਲਣ ਕਾਰਨ ਉਹ ਏਸ਼ੀਆ ਤੋਂ ਆਏ ਹੋਏ ਲੋਕਾਂ ਦੇ ਬਹੁਤ ਬਰਖਿਲਾਫ ਹੋ ਗਏ। ਵੈਨਕੂਵਰ ਦੇ ਪਾਰਲੀਮੈਂਟ ਦੇ ਮੈਂਬਰ ਮਿਸਟਰ ਐਚ. ਐਚ. ਸਟੀਵਨ ਨੇ ਇੱਕ ਸੰਸਥਾ ਬਣਾਈ ਤੇ ਖੁੱਲ੍ਹੇ ਤੌਰ 'ਤੇ ਖੂਬ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਕਿ ਕੈਨੇਡਾ ਸਿਰਫ ਗੋਰਿਆਂ ਦਾ ਹੀ ਰਹਿਣਾ ਚਾਹੀਦਾ ਹੈ। ਰੰਗਦਾਰ ਇਸ ਮੁਲਕ ਵਿੱਚ ਵੱਸਣ ਦੇ ਲਾਇਕ ਨਹੀਂ।

ਇਸ ਪ੍ਰਚਾਰ ਦੇ ਕਾਰਨ ਵੈਨਕੂਵਰ ਵਿੱਚ ਫਸਾਦ ਹੋਏ ਤੇ ਏਸ਼ੀਅਨਜ਼ ਦਾ ਬਹੁਤ ਹੀ ਮਾਲੀ ਨੁਕਸਾਨ ਹੋਇਆ। ਪਰ ਸਿੰਘ ਕਾਫੀ ਜਥੇਬੰਦ ਸਨ ਤੇ ਚੰਗਾ ਭਾਈਚਾਰੇ ਦਾ ਜੀਵਨ ਗੁਜ਼ਾਰਦੇ ਸਨ। ਪ੍ਰੋਫੈਸਰ ਤੇਜਾ ਸਿੰਘ ਜੀ ਤੋਂ ਬਾਅਦ ਵਿੱਚ 'ਸੰਤ' ਕਰਕੇ ਪ੍ਰਸਿੱਧ ਹੋਏ। ੧੭ ਅਕਤੂਬਰ ੧੯੦੮ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਅਤੇ ਸਿੱਖ ਧਰਮ ਬਾਰੇ ਅੰਗਰੇਜ਼ੀ ਵਿੱਚ ਇਥੇ ਦੇ ਲੋਕਾਂ ਨੂੰ ਦੱਸਿਆ ਤੇ ਸਿੰਘਾਂ ਨੂੰ ਸੁਤੰਤਰ ਜੀਵਨ ਜੀਉਣ ਲਈ ਉਤਸ਼ਾਹ ਦਿੱਤਾ। ਆਪ ਜੀ ਦੇ ਉਪਰਾਲੇ ਨਾਲ 'ਸ੍ਰੀ ਗੁਰੂ ਨਾਨਕ ਮਾਇਨਿੰਗ' ਕੰਪਨੀ ਖੋਲ੍ਹੀ ਗਈ ਤੇ ੪੪੦ ਏਕੜ ਜ਼ਮੀਨ ਉੱਤਰੀ ਵੈਨਕੂਵਰ ਵਿੱਚ ਮੁੱਲ ਲੈਣ ਦਾ ਪ੍ਰਬੰਧ ਕੀਤਾ ਗਿਆ। ੪੧,੦੦੦ ਡਾਲਰ ਦੇਣੇ ਮਨਜ਼ੂਰ ਕੀਤੇ ਪਰ ਬਦਕਿਸਮਤੀ ਨਾਲ ਇਹ ਸਾਰੀ ਸਕੀਮ ਕਾਗਜ਼ਾਂ 'ਤੇ ਹੀ ਰਹਿ ਗਈ।

ਬ੍ਰਿਟਿਸ਼ ਹੁੰਡਰਾਜ

ਇਥੇ ਦੀ ਸਰਕਾਰ ਚਾਹੁੰਦੀ ਸੀ ਕਿ ਭਾਰਤੀਆਂ ਖਾਸ ਕਰਕੇ ਸਿੱਖਾਂ ਨੂੰ ਕੈਨੇਡਾ ਵਿੱਚ ਨਹੀਂ ਵਸਣ ਦੇਣਾ ਚਾਹੀਦਾ। ਉਹਨਾਂ

ਨੇ ਇੱਕ ਸਕੀਮ ਬਣਾਈ ਤੇ ਇੱਕ ਡੈਲੀਗੇਸ਼ਨ ਜਿਸ ਵਿੱਚ ਜੇ. ਬੀ. ਹਾਰਕਿਨ ਜਿਹੜੇ ਗ੍ਰਹਿ ਮੰਤਰੀ ਦੇ ਸਕੱਤਰ ਸਨ, ਤੇ ਭਾਰਤੀਆਂ ਵਲੋਂ ਸ. ਸ਼ਾਮ ਸਿੰਘ ਤੇ ਸ. ਨਾਗਰ ਸਿੰਘ ਸਨ। ਇਹਨਾਂ ਨੂੰ ਬ੍ਰਿਟਿਸ਼ ਹੁੰਡਰਾਜ (ਬੈਲੀਜ਼) ਭੇਜਿਆ ਗਿਆ ਤਾਂ ਕਿ ਇਹ ਲੋਕ ਉਥੇ ਜਾ ਕੇ ਵੇਖਣ ਤੇ ਵਾਪਸ ਆ ਕੇ ਭਾਰਤੀਆਂ ਨੂੰ ਇਹ ਸਲਾਹ ਦੇਣ ਕਿ ਕੈਨੇਡਾ ਛੱਡ ਕੇ ਉੱਥੇ ਜਾ ਵਸੋ। ਦੁਭਾਸ਼ੀਏ ਵਲੋਂ ਤਿੰਨ ਹਜ਼ਾਰ ਡਾਲਰ ਦੀ ਰਿਸ਼ਵਤ ਸ. ਨਾਗਰ ਸਿੰਘ ਨੂੰ ਦਿੱਤੀ ਗਈ ਤਾਂ ਕਿ ਇਹ ਨੁਮਾਇੰਦੇ ਉਸ ਕਾਗਜ਼ ਤੇ ਦਸਤਖਤ ਕਰ ਦੇਣ ਜਿਹੜਾ ਕਿ ਹਿੰਦੁਸਤਾਨੀਆਂ ਨੂੰ ਬ੍ਰਿਟਿਸ਼ ਹੁੰਡਰਾਜ (ਬੈਲੀਜ਼) ਜਾਣ ਦੀ ਸਿਫਾਰਸ਼ ਕਰਦਾ ਹੈ। ਪਰ ਗੁਰੂ ਦੇ ਸਿੱਖ ਨੇ ਇਹ ਰਿਸ਼ਵਤ ਦੁਭਾਸ਼ੀਏ ਨੂੰ ਵਾਪਸ ਕਰਕੇ ਆਪਣੀ ਗੁਰ-ਸਿੱਖੀ ਤੇ ਆਪਣੀ ਕੌਮ ਦੀ ਲਾਜ ਰੱਖ ਲਈ।

ਬ੍ਰਿਟਿਸ਼ ਹੁੰਡਰਾਜ (ਬੈਲੀਜ਼) ਤੋਂ ਵਾਪਸ ਆ ਕੇ ਸ. ਨਾਗਰ ਸਿੰਘ ਤੇ ਸ. ਸ਼ਾਮ ਸਿੰਘ ਨੇ ਨਵੰਬਰ ੧੯੦੮ ਵਿੱਚ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ (ਜਿਸ ਵਿੱਚ ਸਿੱਖ, ਹਿੰਦੂ, ਤੇ ਮੁਸਲਮਾਨ ਪੰਜ ਛੇ ਸੌ ਦੇ ਕਰੀਬ ਸਨ) ਨੂੰ ਦੱਸਿਆ ਕਿ—

1. ਪਾਣੀ ਅਤੇ ਹਵਾ ਉਸ ਮੁਲਕ ਦੀ ਹਿੰਦੁਸਤਾਨੀਆਂ ਵਾਸਤੇ ਨਾ ਮੁਆਫਿਕ ਹੈ।

2. ਮਜ਼ਦੂਰੀ ਬਹੁਤ ਹੀ ਥੋੜ੍ਹੀ ਮਿਲਦੀ ਹੈ, ਸਿਰਫ ੮ ਤੋਂ ੧੨ ਡਾਲਰ ਮਹੀਨੇ ਦੀ ਆਮਦਨ ਹੁੰਦੀ ਹੈ। ਜਿਸ ਨਾਲ ਗੁਜ਼ਾਰਾ ਹੋਣਾ ਵੀ ਬਹੁਤ ਹੀ ਮੁਸ਼ਕਿਲ ਹੈ।

3. ਤਾਜ਼ਾ ਪਾਣੀ ਬਿਲਕੁਲ ਹੀ ਨਹੀਂ ਮਿਲਦਾ। ਮੀਂਹ ਦਾ ਪਾਣੀ ਜਮ੍ਹਾ ਕਰਕੇ ਵਰਤਿਆ ਜਾਂਦਾ ਹੈ। ਇਸ਼ਨਾਨ ਵਾਸਤੇ ਸਮੁੰਦਰ ਦਾ ਪਾਣੀ ਹੀ ਮਿਲਦਾ ਹੈ। ਜਿਹੜਾ ਕਿ ਕੇਸੀ ਇਸ਼ਨਾਨ ਲਈ ਬਿਲਕੁਲ ਹੀ ਠੀਕ ਨਹੀਂ ਹੈ।

4. ਮੱਛਰ ਉਸ ਮੁਲਕ ਵਿੱਚ ਹੱਦ ਤੋਂ ਜ਼ਿਆਦਾ ਹੈ। ਜਿਸ ਤੋਂ ਕਈ ਕਿਸਮ ਦੀਆਂ ਬਿਮਾਰੀਆਂ ਫੈਲਦੀਆਂ ਹਨ।

5. ਮਜ਼ਦੂਰੀ ਇਕਰਾਰਨਾਮਾ ਲਿਖਕੇ ਹੁੰਦੀ ਹੈ ਤੇ ਇਹ ਇਕਰਾਰਨਾਮਾ ਤਿੰਨ ਸਾਲ ਤੋਂ ਘੱਟ ਨਹੀਂ ਹੁੰਦਾ।

6. ਜਿਹੜੇ ਹਿੰਦੁਸਤਾਨੀ ਉਥੇ ਰਹਿੰਦੇ ਹਨ ਉਹਨਾਂ ਦੀ ਮਾਲੀ ਹਾਲਾਤ ਬਹੁਤ ਹੀ ਖਰਾਬ ਹੈ ਤੇ ਉਹਨਾਂ ਪਾਸ ਹਿੰਦੁਸਤਾਨ ਵਾਪਸ ਜਾਣ ਲਈ ਕਿਰਾਇਆ ਵੀ ਨਹੀਂ ਹੈ। ਇਸ ਤੋਂ ਬਾਅਦ ਸਾਰੀ ਸੰਗਤ ਨੇ ਇਹ ਪਾਸ ਕੀਤਾ ਕਿ ਅਸੀਂ ਬ੍ਰਿਟਿਸ਼ ਹੁੰਡਰਾਜ (ਬੈਲੀਜ਼) ਨਹੀਂ ਜਾਵਾਂਗੇ ਤੇ ਜਿਹੜੇ ਭਰਾ ਬੇਰੁਜ਼ਗਾਰ ਹਨ ਉਹਨਾਂ ਦੀ ਜਥੇਬੰਦ ਹੋ ਕੇ ਜਾਪਾਨ, ਹਾਂਗਕਾਂਗ, ਸ਼ੰਘਾਈ ਦੇ ਵਸਨੀਕ ਹਿੰਦੁਸਤਾਨੀਆਂ ਦੀ ਇਮਦਾਦ ਦੇ ਨਾਲ ਸਹਾਇਤਾ ਦਾ ਬੰਦੋਬਸਤ ਕਰਾਂਗੇ।

ਰਾਜਸੀ ਚਾਲ

ਜਿਸ ਵੇਲੇ ਗੋਰੇ, ਭਾਰਤੀਆਂ ਨੂੰ ਕੈਨੇਡਾ ਵਿਚੋਂ ਕੱਢਣ ਲਈ ਕਾਮਯਾਬ ਨਾ ਹੋ ਸਕੇ ਤਦ ਸਰਕਾਰ ਨੇ ਰਾਜਸੀ ਤਰੀਕੇ ਸੋਚਣੇ ਸ਼ੁਰੂ ਕੀਤੇ। ੧੯੦੮ ਵਿੱਚ ਹੀ ਪ੍ਰਧਾਨ ਮੰਤਰੀ ਵਿਲਫਰਡ ਲੋਰੀਅਰ ਨੇ ਮੀਤ ਮੰਤਰੀ ਡਬਲਿਯੂ, ਐਲ. ਮੈਕੈਨਜ਼ੀ ਕਿੰਗ ਨੂੰ ਖਾਸ ਸਲਾਹ ਲਈ ਇੰਗਲੈਂਡ ਭੇਜਿਆ। ਜਿਸ ਰਾਹੀਂ ਭਾਰਤੀਆਂ ਨੂੰ ਕੈਨੇਡਾ ਵਿੱਚ ਆਉਣਾ ਬੰਦ ਕੀਤਾ ਜਾਵੇ। ਬੜੇ ਸਲਾਹ ਮਸ਼ਵਰੇ ਨਾਲ ਕੌਂਸਲ ਨੇ ਇਹ ਹੁਕਮ ਜਾਰੀ ਕੀਤਾ:

1. ਜੋ ਵੀ ਵਿਅਕਤੀ ਕੈਨੇਡਾ ਵਿੱਚ ਆ ਕੇ ਵੱਸਣਾ ਚਾਹੁੰਦਾ ਹੈ ਉਹ ਆਪਣੇ ਨਾਲ ਦੋ ਸੌ ਡਾਲਰ ਲੈ ਕੇ ਆਵੇ।

2. ਉਸ ਕੋਲ ਸਿੱਧਾ ਟਿਕਟ ਆਪਣੇ ਪੈਦਾਇਸ਼ੀ ਮੁਲਕ ਜਾਂ ਸ਼ਹਿਰੀਅਤ ਵਾਲੇ ਦੇਸ਼ ਦਾ ਹੋਣਾ ਚਾਹੀਦਾ ਹੈ। ਤੇ ਉਹ ਉਸ ਦੇਸ਼ ਤੋਂ ਸਿੱਧਾ ਸਫਰ ਕਰੇ। ਇਸ ਚਾਲ ਨਾਲ ਗੌਰਮਿੰਟ ਨੇ ਭਾਰਤੀਆਂ ਦੀ ਗਿਣਤੀ ਨੂੰ ਬਹੁਤ ਘਟਾ ਦਿੱਤਾ, ਕਿਉਂਕਿ ਕੋਈ ਵੀ ਜਹਾਜ਼ ਭਾਰਤੀ ਬੰਦਰਗਾਹ ਤੋਂ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ।

ਕਾਮਾਗਾਟਾ ਮਾਰੂ (ਗੁਰੂ ਨਾਨਕ) ਜਹਾਜ਼

੧੯੧੪ ਦਾ ਸਾਲ ਕੈਨੇਡਾ ਦੇ ਸਿੱਖ ਇਤਿਹਾਸ ਵਿੱਚ ਖਾਸ ਮਹਾਨਤਾ ਰੱਖਦਾ ਹੈ। ਜਦੋਂ ਕੈਨੇਡਾ ਵਿੱਚ ਦਾਖਲ ਹੋਣ ਦੇ ਹੋਰ ਰਸਤੇ ਬੰਦ ਹੋ ਗਏ, ਤਦ ਬਾਬਾ ਗੁਰਦਿੱਤ ਸਿੰਘ ਜੀ ਨੇ ਇੱਕ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ ਛੇ ਮਹੀਨੇ ਲਈ ਕਿਰਾਏ ਤੇ ਲੈ ਕੇ ਉਸ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ। ੪ ਅਪ੍ਰੈਲ ੧੯੧੪ ਨੂੰ ਇਹ ਜਹਾਜ਼ ਹਾਂਗ-ਕਾਂਗ ਤੋਂ ਵੈਨਕੂਵਰ ਵਾਸਤੇ ਚੱਲਿਆ। ਰਸਤੇ ਵਿੱਚ ਸ਼ੰਘਾਈ, ਕੋਬੇ ਤੇ ਯੋਕੋਹਾਮਾ ਤੋਂ ਹੋਰ ਮੁਸਾਫਿਰ ਲਏ ਅਤੇ ਵਾਪਾਰ ਲਈ ਕੋਲਾ ਭਰਿਆ। ਮੁਸਾਫਿਰਾਂ ਦੀ ਕੁਲਗਿਣਤੀ ੩੭੬ ਸੀ। ੨੫ ਤੋਂ ਸਿਵਾਏ ਬਾਕੀ ਸਭ ਸਿੱਖ ਹੀ ਸਨ।

੨੩ ਮਈ ੧੯੧੪ ਨੂੰ ਜਹਾਜ਼ ਵੈਨਕੂਵਰ ਪੁੱਜਾ। ਕੈਨੇਡਾ ਸਰਕਾਰ ਨੇ ਇਸ ਜਹਾਜ਼ ਨੂੰ ਬੰਦਰਗਾਹ ਦੇ ਕਿਨਾਰੇ ਤੇ ਖੜ੍ਹੇ ਹੋਣ ਦੀ ਇਜਾਜ਼ਤ ਨਹੀਂ ਦਿੱਤੀ। ਇਸ ਲਈ ਜਹਾਜ਼ ਨੂੰ ਬੰਦਰਗਾਹ ਤੋਂ ਇੱਕ ਮੀਲ ਹਟਵਾਂ ਖੜ੍ਹਾ ਕੀਤਾ ਗਿਆ। ਸਰਕਾਰੀ ਅਫਸਰਾਂ ਨੇ ਦੇਖ ਭਾਲ ਮਗਰੋਂ ਸਿਰਫ ੨੨ ਮੁਸਾਫਿਰਾਂ ਨੂੰ ਹੀ ਉਤਰਨ ਦਿੱਤਾ ਅਤੇ ਬਾਕੀਆਂ ਨੂੰ ਵਾਪਸ ਜਾਣ ਦਾ ਹੁਕਮ ਦਿੱਤਾ ਗਿਆ। ਪਰ ਬਾਬਾ ਜੀ ਨੇ ਸਰਕਾਰ ਦਾ ਫੈਸਲਾ ਗਲਤ ਕਿਹਾ, ਕਿਉਂਕਿ ਇਹ ਸਾਰਾ ਸਫਰ ਕੈਨੇਡਾ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਹੀ ਸੀ।

ਇਸੇ ਦੌਰਾਨ ਜਹਾਜ਼ ਦੇ ਮਾਲਕਾਂ ਨੇ ਕਿਰਾਏ ਦੀ ਕਿਸ਼ਤ ਵੀਹ ਹਜ਼ਾਰ ਡਾਲਰ ਦੀ ਮੰਗ ਕੀਤੀ। ਬਾਬਾ ਜੀ ਨੇ ਰੋਸ ਪ੍ਰਗਟ ਕੀਤਾ ਤੇ ਕਿਹਾ ਕਿ ਉਹ ਪੈਸੇ ਤਦ ਦੇਣਗੇ, ਜਦੋਂ ਸਾਰੇ ਮੁਸਾਫਰ ਉੱਤਰ ਜਾਣਗੇ ਅਤੇ ਜਹਾਜ਼ ਦਾ ਮਾਲ (ਕੋਲਾ) ਵਿੱਕ ਜਾਵੇਗਾ। ਜਦੋਂ ਇਹ ਸਮੱਸਿਆ ਦਾ ਇਥੋਂ ਦੇ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਪਤਾ ਲੱਗਾ, ਤਦ ੩੧ ਮਈ ਨੂੰ ਗੁਰਦੁਆਰਾ ਵੈਨਕੂਵਰ ਵਿੱਚ ਤਕਰੀਬਨ ਛੇ, ਸੱਤ ਸੌ ਭਾਰਤੀਆਂ ਦਾ ਇਕੱਠ ਹੋਇਆ। ਜਿਸ ਦੌਰਾਨ ਸੱਠ ਹਜ਼ਾਰ ਡਾਲਰ ਇਕੱਠਾ ਹੋਇਆ ਅਤੇ 'ਕਾਮਾਗਾਟਾ ਮਾਰੂ ਸਹਾਇਤਾ ਕਮੇਟੀ' ਬਣਾ ਕੇ ਇਹ ਰਕਮ ਫੰਡ ਵਿੱਚ ਜਮ੍ਹਾਂ ਕੀਤੀ ਗਈ। ਵੈਨਕੂਵਰ ਦੇ ਸਿੰਘਾਂ ਨੇ 22 ਹਜ਼ਾਰ ਡਾਲਰ ਦੇ ਕੇ ਜਹਾਜ਼ ਆਪ ਕਿਰਾਏ ਤੇ ਲੈ ਲਿਆ।

ਛੇ ਹਫਤੇ ਬਾਅਦ ਇਸ ਕੇਸ ਦੀ ਸੁਣਵਾਈ ਹੋਈ। ਫੈਸਲਾ ਗੌਰਮਿੰਟ ਦੇ ਹੱਕ ਵਿੱਚ ਹੋਇਆ। ਸਭ ਮੁਸਾਫਿਰਾਂ ਨੂੰ ਕੈਨੇਡਾ ਤੋਂ ਵਾਪਸ ਜਾਣ ਦਾ ਹੁਕਮ ਹੋ ਗਿਆ। ਜਹਾਜ਼ ਵਿੱਚ ਮੁਸਾਫਿਰਾਂ ਦਾ ਰਾਸ਼ਨ ਤੇ ਪਾਣੀ ਮੁੱਕ ਗਿਆ। ਇਧਰ ਇਥੇ ਦੀ ਹਕੂਮਤ ਨੇ ਸ਼ਹਿਰ ਵਿਚੋਂ ਖਾਣਾ ਤੇ ਪਾਣੀ ਨਾ ਭੇਜਣ ਦੀ ਸਖਤ ਪਾਬੰਦੀ ਲਾ ਦਿੱਤੀ। ਇਹ ਸਾਰੀਆਂ ਮੁਸੀਬਤਾਂ ਭਰੀਆਂ ਖਬਰਾਂ

ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਪੁੱਜਦੀਆਂ ਰਹਿੰਦੀਆਂ ਸਨ। ਗੁਰਦੁਆਰੇ ਵਿੱਚ ਇੱਕ ਮੀਟਿੰਗ ਹੋਈ। ਸਿੰਘਾਂ ਨੇ ਪੁਲੀਸ ਦੀ ਨਜ਼ਰ ਤੋਂ ਬਚਾ ਕੇ ਬਹੁਤ ਸਾਰਾ ਪੈਸਾ ਅਗਨ ਬੋਟ ਵਾਲੇ ਨੂੰ ਦੇ ਕੇ ੧੫੦ ਬੋਰੀਆਂ ਰਾਸ਼ਨ ਦੀਆਂ ਤੇ ਪਾਣੀ ਦੇ ਡਰੱਮ ਜਹਾਜ਼ ਅੰਦਰ ਪਹੁੰਚਾਏ।

ਸਰਕਾਰ ਨੇ ਦੋ ਜੰਗੀ ਜਹਾਜ਼ ਗੁਰੂ ਨਾਨਕ ਜਹਾਜ਼ ਦੇ ਬਿਲਕੁਲ ਨੇੜੇ ਲਿਆ ਕੇ ਖੜ੍ਹੇ ਕਰ ਦਿੱਤੇ ਤਾਂ ਕਿ ਮੁਸਾਫਿਰਾਂ ਦੇ ਦਿਲਾਂ ਅੰਦਰ ਭੈ ਪੈਦਾ ਹੋ ਜਾਵੇ। ਫਿਰ ਪੁਲੀਸ ਨੇ ਮੀਂਹ ਦੀ ਤਰ੍ਹਾਂ ਗੋਲੀਆਂ ਵਰ੍ਹਾਈਆਂ। ਜਹਾਜ਼ ਅੰਦਰੋਂ ਬੇਹਥਿਆਰ ਮੁਸਾਫਿਰਾਂ ਨੇ ਪੂਰੇ ਜ਼ੋਰ ਨਾਲ ਵਪਾਰ ਕਰਨ ਲਈ ਲਿਆਂਦੇ ਹੋਏ ਕੋਲੇ ਨਾਲ ਜੰਗੀ ਜਹਾਜ਼ਾਂ ਤੇ ਮੀਂਹ ਵਰ੍ਹਾ ਦਿੱਤਾ ਤੇ ਮਜ਼ਬੂਰਨ ਸਰਕਾਰ ਨੂੰ ਜੰਗੀ ਜਹਾਜ਼ ਪਰੇ ਕਰਨੇ ਪਏ। ਸਰਕਾਰ ਨੇ ਬਾਬਾ ਗੁਰਦਿੱਤ ਸਿੰਘ ਜੀ ਨਾਲ ਗੱਲਬਾਤ ਕੀਤੀ ਤੇ ਖਾਣ ਪੀਣ ਦਾ ਸਮਾਨ ਦੇਣਾ ਮਨਜ਼ੂਰ ਕੀਤਾ।

ਸਵੇਰ ਦੇ ਪੰਜ ਵਜੇ ੨੩ ਜੁਲਾਈ ੧੯੧੪ ਨੂੰ ਕਾਮਗਾਟਾ ਮਾਰੂ ਜਹਾਜ਼ ਵੈਨਕੂਵਰ ਦੀ ਖਾੜੀ ਅੰਦਰ ਦੋ ਮਹੀਨੇ ਠਹਿਰਕੇ ਵਾਪਸੀ ਲਈ ਤੁਰ ਪਿਆ। ਹਜ਼ਾਰਾਂ ਲੋਕਾਂ ਨੇ ਇਹ ਇਤਿਹਾਸਕ ਮੌਕਾ ਵੇਖਿਆ। ਡਾਕਟਰ ਓ. ਡੀ. ਸਕੈਲਟਨ ਨੇ ਆਪਣੀ ਕਿਤਾਬ 'ਲੋਰੀਅਰ ਦੀ ਜੀਵਨੀ ਅਤੇ ਚਿੱਠੀਆਂ' ਵਿੱਚ ਲਿਖਿਆ ਹੈ ਕਿ 'ਅਜੀਬ ਹੀ ਗੱਲ ਹੈ ਕਿ ਕੈਨੇਡਾ ਦੀ ਸਮੁੰਦਰੀ ਫੌਜ ਪਹਿਲੀ ਵਾਰ ਅੰਗਰੇਜ਼ੀ ਪਰਜਾ ਨੂੰ ਅੰਗਰੇਜ਼ੀ ਰਾਜ ਦੀ ਧਰਤੀ ਤੇ ਨਾ ਆਉਣ ਵਾਸਤੇ ਵਰਤੀ ਗਈ ਹੋਵੇ।'

ਜਦੋਂ ਇਹ ਜਹਾਜ਼ ਬਜ ਬਜ ਘਾਟ ਕਲਕੱਤੇ ਪੁੱਜਾ, ਤਦ ਮੁਸਾਫਿਰਾਂ ਤੇ ਗੋਲੀਆਂ ਚਲਾਈਆਂ ਗਈਆਂ ਜਿਸ ਦੇ ਨਾਲ (੧੮) ਸ਼ਹੀਦ ਹੋ ਗਏ, (੨੫) ਪੱਚੀ ਫੱਟੜ ਅਤੇ (੨੮) ਗਾਇਬ ਹੋ ਗਏ। ਜਿਹਨਾਂ ਵਿੱਚ ਬਾਬਾ ਜੀ ਵੀ ਸਨ। ਬਾਕੀ ਦੇ ਸਾਰੇ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਧੱਕ ਦਿੱਤੇ ਗਏ। ਇਹ ਸਾਰੇ ਬਾਅਦ ਵਿੱਚ ਇਨਕਲਾਬੀ ਬਣੇ।

੨੩ ਜੁਲਾਈ ੧੯੮੯ ਨੂੰ ਐਤਵਾਰ ਵਾਲੇ ਦਿਨ ਵੈਨਕੂਵਰ ਵਿਖੇ ਬੁਰਾੜ ਸਟਰੀਟ 'ਕੈਨੇਡਾ ਪਲੇਸ' ਉਸੇ ਹੀ ਇਤਿਹਾਸਕ ਥਾਂ ਤੇ ਜਿਥੋਂ ਕਿ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਮੋੜ ਦਿੱਤਾ ਗਿਆ ਸੀ। ਇਸ ਦੁਰਘਟਨਾ ਦੀ ੭ਪਵੀਂ ਵਰ੍ਹੇ ਗੰਢ ਤੇ ਬੜੇ ਹੀ ਭਾਰੀ ਇਕੱਠ ਵਿੱਚ ਇਥੋਂ ਦੀ ਰਾਜਸੀ ਤੇ ਧਾਰਮਿਕ ਲੀਡਰਾਂ ਨੇ ਸ਼ਰਧਾਂਜ਼ਲੀ ਭੇਟਾ ਕੀਤੀ। ਅਤੇ ਜੋ ਇਥੇ ਦੀ ਸਰਕਾਰ ਨੇ ਇਸ ਦਿਨ ਲਈ ਵਿਸ਼ੇਸ਼ ਲਿਖਤੀ ਐਲਾਨ ਜਾਰੀ ਕੀਤਾ ਉਹ ਵੀ ਪੜਿਆ ਗਿਆ: 'ਅਸੀ ਇਤਿਹਾਸ ਦੇ ਇਸ ਅਫਸੋਸਨਾਕ ਹਾਦਸੇ ਨੂੰ ਯਾਦ ਕਰਦੇ ਹੋਏ ਪ੍ਰਤਿਗਿਆ ਕਰਦੇ ਹਾਂ ਕਿ ਅੱਗੇ ਨੂੰ ਅਜਿਹੀ ਘਟਨਾ ਨਹੀਂ ਵਾਪਰੇਗੀ। ਅਤੇ ੨੩ ਜੁਲਾਈ ੧੯੮੯ ਕਾਮਾਗਾਟਾ ਮਾਰੂ ਯਾਦਗਾਰੀ ਦਿਵਸ ਘੋਸ਼ਿਤ ਕਰਦੇ ਹਾਂ।' ਯਾਦਗਾਰੀ ਦੋ ਪਲੈਕਾਂ ਲਗਾਈਆਂ ਗਈਆਂ। ੧੯੮੯ ਵਿੱਚ ਇੱਕ ਪਲੈਕ ਖਾਲਸਾ ਦੀਵਾਨ ਸੁਸਾਇਟੀ ੮੦੦੦ ਰੋਸ ਸਟਰੀਟ ਤੇ ਅਤੇ ਦੂਜੀ ਪਲੇਕ ੨੩ ਮਈ ੧੯੯੦ ਨੂੰ ਇਤਿਹਾਸਕ ਥਾਂ ਦੇ ਨੇੜੇ ਦੀ ਪੋਰਟਲ ਪਾਰਕ ਵਿੱਚ ਸਥਾਪਿਤ ਕੀਤੀ ਗਈ।

ਸ਼ਹੀਦ ਭਾਈ ਮੇਵਾ ਸਿੰਘ ਜੀ

੧੯੧੪ ਵਿੱਚ ਹੀ ਇਥੇ ਦੀ ਸਰਕਾਰ ਨੇ ਇਮੀਗਰੇਸ਼ਨ ਵਿਭਾਗ ਵਿੱਚ ਇੱਕ ਐਂਗਲੋ ਇੰਡੀਅਨ ਜਿਸਦਾ ਨਾਮ ਵਿਲੀਅਮ ਹੌਪ ਕਿਨਸਨ ਸੀ ਨੂੰ ਮੁਲਾਜ਼ਿਮ ਰੱਖਿਆ ਗਿਆ। ਇਹ ਲਾਹੌਰ ਪੰਜਾਬ ਦੀ ਪੁਲੀਸ ਵਿੱਚ ਕੰਮ ਕਰਦਾ ਸੀ ਤੇ ਪੰਜਾਬੀ ਬੋਲ ਤੇ ਸਮਝ ਸਕਦਾ ਸੀ। ਹੌਪਕਿਨਸਨ ਨੇ ਵੈਨਕੂਵਰ ਆ ਕੇ ਕੁਲ ਸੁਹੀਏ ਹਿੰਦੁਸਤਾਨੀ ਆਪਣੇ ਨਾਲ ਮਿਲਾ ਲਏ। ਜਿਹਨਾਂ ਵਿਚੋਂ ਬੇਲਾ ਸਿੰਘ ਦਾ ਨਾਮ ਕਾਫੀ ਮਸ਼ਹੂਰ ਹੈ। ਇਹ ਕੌਮ ਧ੍ਰੋਹੀ ਲੋਕ ਭਾਰਤੀਆਂ ਦੀ ਮੁਖਬਰੀ ਕਰਦੇ ਰਹਿੰਦੇ ਤੇ ਸਾਰੀਆਂ ਅੰਦਰੂਨੀ ਖਬਰਾਂ ਸਰਕਾਰ ਤੱਕ ਪਹੁੰਚਾਉਂਦੇ ਰਹਿੰਦੇ। ੩ ਸਤੰਬਰ ੧੯੧੪ ਨੂੰ ਅਰਜਨ ਸਿੰਘ ਜੋ ਬੇਲਾ ਸਿੰਘ ਦੀ ਟੋਲੀ ਵਿਚੋਂ ਹੀ ਸੀ। ਇਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਰਾਮ ਸਿੰਘ ਉਪਰ ਇਲਜ਼ਾਮ ਲਗਾਇਆ ਗਿਆ ਅਤੇ ਮੁਕੱਦਮਾ ਚੌਲਿਆ, ਜਿਸ ਵਿੱਚ ਇਹ ਸਾਬਤ ਹੋਇਆ ਕਿ ਮੌਤ ਅਚਾਨਕ ਹੋਈ ਹੈ। ਪਰ ਬੇਲਾ ਸਿੰਘ ਇਸਨੂੰ ਕਤਲ ਸਮਝਦਾ ਸੀ ਤੇ ਉਸਨੂੰ ਆਪਣੀ ਜਾਨ ਦਾ ਵੀ ਖਤਰਾ ਮਹਿਸੂਸ ਹੁੰਦਾ ਸੀ।

੫ ਸਤੰਬਰ ੧੯੧੪ ਨੂੰ ਅਰਜਨ ਸਿੰਘ ਦੀ ਮ੍ਰਿਤਕ ਦੇਹ ਦਾ ਸਸਕਾਰ ਕਰਨ ਮਗਰੋਂ ਜਦੋਂ ਅਰਦਾਸ ਕਰਨ ਵਾਸਤੇ ਵੈਨਕੂਵਰ ਗੁਰਦੁਆਰਾ ਸਾਹਿਬ ਇਕੱਤਰ ਹੋਏ ਤਾਂ ਬੇਲਾ ਸਿੰਘ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਭਾਗ ਸਿੰਘ ਦੀ ਮੌਤ ਹੋ ਗਈ ਅਤੇ ਛੇ ਸਿੰਘ ਫੱਟੜ ਹੋ ਗਏ। ਬੇਲਾ ਸਿੰਘ ਉਪਰ ਮੁਕੱਦਮਾ ਚਲਿਆ। ਗਵਾਹਾਂ ਨੇ ਅੱਖੀਂ ਡਿੱਠਾ ਹਾਲ ਦੱਸਿਆ ਕਿ ਬੇਲਾ ਸਿੰਘ ਨੇ ਇੱਕ ਸਿੰਘ ਨੇਤਾ ਨੂੰ ਮਾਰ ਦਿੱਤਾ ਹੈ ਤੇ ਛੇ ਫੱਟੜ ਕਰ ਦਿੱਤੇ ਹਨ। ਬੇਲਾ ਸਿੰਘ ਨੇ ਆਪਣੀ ਸਫਾਈ ਲਈ ਹੌਪਕਿਨਸਨ ਨੂੰ ਲਿਆਂਦਾ। ਜਿਸਨੇ ਪੁਲੀਸ ਨੂੰ ਬਿਆਨ ਦਿੱਤਾ ਕਿ 'ਬੇਲਾ ਸਿੰਘ ਦੀ ਜਾਨ ਨੂੰ ਖਤਰਾ ਸੀ, ਇਸ ਨੇ ਇਹ ਕੰਮ ਆਪਣੀ ਸੁਰੱਖਿਆ ਲਈ ਕੀਤਾ ਹੈ ਤੇ ਮੈਂ ਗੁਰਦੁਆਰੇ ਦੇ ਲਾਗੇ ਉਸ ਵੇਲੇ ਹਾਜ਼ਰ ਸਾਂ।'

ਭਾਈ ਮੇਵਾ ਸਿੰਘ ਜਿਹਨਾਂ ਦੀ ਉਮਰ ਚੌਂਤੀ ਸਾਲ ਦੀ ਸੀ। ਇਹ ਇੱਕ ਚੁਪ-ਚਾਪ ਸਧਾਰਨ ਸ਼ਰਧਾਲੂ ਸਿੰਘ ਸਨ। ਪਰ ਆਪ ਜੀ ਤੋਂ ਹਨੇਰ ਗਰਦੀ ਬਰਦਾਸ਼ਤ ਨਾ ਹੋ ਸਕੀ।

1. ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਿਰਾਂ ਨਾਲ ਬੇਇਨਸਾਫੀ

2. ਸਰਕਾਰ ਨੇ ਜਹਾਜ਼ ਦਾ ਸਮਾਨ ਵੈਨਕੂਵਰ ਦੇ ਭਾਰਤੀਆਂ ਨੂੰ ਨਹੀਂ ਦਿੱਤਾ, ਹਾਲਾਂਕਿ ਉਹਨਾਂ ਨੇ ਬਾਈ ਹਜ਼ਾਰ ਡਾਲਰ ਦਾ ਕਿਰਾਇਆ ਦੇ ਕੇ ਜਹਾਜ਼ ਆਪਣੇ ਨਾਂ ਕਰਵਾ ਲਿਆ ਸੀ।

3. ਸਰਕਾਰ ਦੇ ਪਿੱਠੂ ਜਿਸਦੇ ਵਿੱਚ ਹੌਪ ਕਿਨਸਨ ਦਾ ਬਹੁਤ ਹੱਥ ਸੀ ਤੇ ਹਰ ਗੱਲ ਤੇ ਕੌਮ ਦਾ ਨੁਕਸਾਨ ਕਰ ਰਹੇ ਸਨ।

ਇਸ ਵਧਦੀ ਮੁਸੀਬਤ ਨੂੰ ਮੁੱਖ ਰੱਖਦਿਆਂ ਹੋਇਆਂ ਭਾਈ ਮੇਵਾ ਸਿੰਘ ਤੇ ਕੁਝ ਹੋਰ ਦੇਸ਼-ਭਗਤ ਸਿੰਘਾਂ ਨੇ ਕੌਮ ਧ੍ਰੋਹੀਆਂ ਨੂੰ ਸੋਧਣ ਦਾ ਮਤਾ ਪਾਸ ਕੀਤਾ।

੨੧ ਅਕਤੂਬਰ ੧੯੧੪ ਨੂੰ ਬੇਲਾ ਸਿੰਘ ਦੇ ਮੁਕੱਦਮੇ ਦੀ ਪੇਸ਼ੀ ਸੀ। ਵਿਲੀਅਮ ਹੌਪ ਕਿਨਸਨ ਵੈਨਕੂਵਰ ਦੀ ਕਚਹਿਰੀ ਵਿੱਚ ਪੇਸ਼ੀ ਲਈ ਹਾਜ਼ਰ ਹੋਇਆ ਹੀ ਸੀ ਕਿ ਉਸ ਵੇਲੇ ਭਾਈ ਮੇਵਾ ਸਿੰਘ ਨੇ ਦੋ ਗੋਲੀਆਂ ਨਾਲ ਉਸਨੂੰ ਸੋਧ ਦਿੱਤਾ। ਜਦੋਂ

ਪੁਲੀਸ ਆਈ ਤਾਂ ਆਪ ਜੀ ਨੇ ਬੜੇ ਹੀ ਠਰੁੰਮੇ ਨਾਲ ਗ੍ਰਿਫਤਾਰੀ ਦੇ ਦਿੱਤੀ। ਬਾਅਦ ਵਿੱਚ ਮੁਕੱਦਮਾ ਸਿਰਫ ਤਿੰਨ ਘੰਟੇ ਹੀ ਚੱਲਿਆ। ਭਾਈ ਸਾਹਿਬ ਨੇ ਖਿੜੇ ਮੱਥੇ ਕਤਲ ਦਾ ਇਕਬਾਲ ਕੀਤਾ। ਭਾਈ ਸਾਹਿਬ ਨੇ ਜੋ ਬਿਆਨ ਕਚਹਿਰੀ ਵਿੱਚ ਦਿੱਤਾ ਉਹ ਕੈਨੇਡਾ ਦੇ ਸਿੱਖ ਇਤਿਹਾਸ ਦਾ ਸੁਨਿਹਰੀ ਪੰਨਾ ਹੈ: 'ਮੇਰਾ ਧਰਮ ਕਿਸੇ ਨਾਲ ਵੈਰ ਨਹੀਂ ਸਿਖਾਉਂਦਾ, ਭਾਵੇਂ ਉਹ ਕਿਸੇ ਵੀ ਜਾਤ, ਰੰਗ ਜਾਂ ਧਰਮ ਦਾ ਹੋਵੇ। ਮੇਰੀ ਹੌਪ ਕਿਨਸਨ ਨਾਲ ਕੋਈ ਦੁਸ਼ਮਣੀ ਨਹੀਂ ਸੀ। ਮੈਂ ਸੁਣਦਾ ਸਾਂ ਕਿ ਇਹ ਮੇਰੇ ਨਿਤਾਣੇ ਲੋਕਾਂ ਨੂੰ ਬਹੁਤ ਤੰਗ ਕਰਦਾ ਹੈ। ਮੈਂ ਸਿੱਖੀ ਵਿੱਚ ਵਿਸ਼ਵਾਸ਼ ਰੱਖਣ ਵਾਲਾ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਕੋਈ ਮੇਰੇ ਮਾਸੂਮ ਦੇਸ਼ ਵਾਸੀਆਂ ਅਤੇ ਕੈਨੇਡਾ ਰਾਜ ਨਾਲ ਧੱਕਾ ਕਰੇ। ਇੱਕ ਗੁਰਸਿੱਖ ਦੇ ਤੌਰ ਤੇ ਮੈਂ ਆਪਣਾ ਫਰਜ਼ ਨਿਭਾਉਂਦਾ ਅਤੇ ਅਕਾਲ ਪੁਰਖ ਨੂੰ ਯਾਦ ਕਰਦਾ ਹੋਇਆ ਫਾਂਸੀ ਦੇ ਤਖ਼ਤੇ ਤੇ ਉਂਜ ਹੀ ਖੁਸ਼ੀ ਨਾਲ ਜਾਵਾਂਗਾ ਜਿਵੇਂ ਕਿ ਇੱਕ ਭੁੱਖਾ ਬੱਚਾ ਆਪਣੀ ਮਾਂਦੀ ਗੋਦੀ ਵਿੱਚ ਜਾਂਦਾ ਹੈ। ਮੈਂ ਫਾਂਸੀ ਦੀ ਰੱਸੀ ਨੂੰ ਵਹਿਗੁਰੂ ਦੇ ਨਾਮ ਦੀ ਮਾਲਾ ਸਮਝਕੇ ਖੁਸ਼ੀ ਨਾਲ ਪਾ ਲਵਾਂਗਾ।' ਭਾਈ ਸਾਹਿਬ .ਨੂੰ ਦੋ ਤਿੰਨ ਮਹੀਨੇ ਜੇਲ੍ਹ ਵਿੱਚ ਰੱਖਿਆ ਗਿਆ। ਆਪ ਜੀ ਨੇ ਜੇਲ੍ਹ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਸੰਪੂਰਨ ਕੀਤਾ ਅਤੇ ਸ਼ਾਂਤ ਚਿੱਤ ਅਡੋਲ ਰਹਿ ਕੇ ਵਾਹਿਗੁਰੂ ਦਾ ਸਿਮਰਨ ਕਰਦੇ ਰਹੇ।

੧੧ ਜਨਵਰੀ ੧੯੧੫ ਵਾਲੇ ਦਿਨ ਆਪ ਜੀ ਨੂੰ ਫਾਂਸੀ ਦਿੱਤੀ ਗਈ। ਸਿੱਖ ਸੰਗਤਾਂ ਨੇ ਆਪ ਜੀ ਦੇ ਮ੍ਰਿਤਕ ਸਰੀਰ ਨੂੰ ਆਦਰ ਸਹਿਤ ਜਲੂਸ ਦਾ ਰੂਪ ਦਿੱਤਾ। ਅੰਤਾਂ ਦੀ ਠੰਢ ਅਤੇ ਬਰਫ ਵਿੱਚ ਤਕਰੀਬਨ ਚਾਰ ਪੰਜ ਕਿਲੋਮੀਟਰ ਪੈਦਲ ਫਰੇਜ਼ਰ ਮਿੱਲ ਤੱਕ ਗਏ ਤੇ ਉਸੇ ਥਾਂ ਤੇ ਹੀ ਅੰਤਮ ਅਰਦਾਸ ਤੋਂ ਬਾਅਦ ਸਸਕਾਰ ਕੀਤਾ ਗਿਆ। ਕੁਝ ਸਮੇਂ ਬਾਅਦ ਆਪ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵਿਖੇ ਸਾਲਾਨਾ ਬਰਸੀ ਮਨਾਉਣੀ ਸ਼ੁਰੂ ਹੋ ਗਈ। ਵੈਨਕੂਵਰ ਦੇ ਗੁਰਦੁਆਰਿਆਂ ਵਿੱਚ ਕੈਨੇਡਾ ਦੇ ਪਹਿਲੇ ਸਿੱਖ ਸ਼ਹੀਦ ਨੂੰ ਹਰ ਸਾਲ ਸ਼ਰਧਾਂਜ਼ਲੀ ਭੇਟਾ ਕੀਤੀ ਜਾਂਦੀ ਹੈ। ਸ੍ਰੀ ਅਖੰਡਪਾਠ ਸਾਹਿਬ ਤੇ ਦੀਵਾਨ ਸਜਦੇ ਹਨ। ੧੯੭੦ ਵਿੱਚ ਖਾਲਸਾ ਦੀਵਾਨ ਸੁਸਾਇਟੀ ੮੦੦੦ ਰੌਸ ਸਟਰੀਟ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦਾ ਨਾਮ ਭਾਈ ਮੇਵਾ ਸਿੰਘ ਹਾਲ ਰੱਖਿਆ ਗਿਆ ਅਤੇ ਅਕਾਲੀ ਸਿੰਘ ਸਿੱਖ ਸੁਸਾਇਟੀ, ੧੮੯੦ ਸਕੀਨਾ ਸਟਰੀਟ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਦਾ ਨਾਮ ੧੯੭੬ ਵਿੱਚ ਭਾਈ ਮੇਵਾ ਸਿੰਘ ਲਾਇਬਰੇਰੀ ਰੱਖਿਆ ਗਿਆ। ਭਾਈ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਸਰਕਾਰ ਨੇ ਭਾਰਤੀਆਂ ਦਾ ਕੈਨੇਡਾ ਵਿੱਚ ਨਾ ਆਉਣ ਦੀ ਪਾਬੰਦੀ ਦਾ ਕਾਂਡ ਸੰਪੂਰਨ ਕੀਤਾ।

ਦੇਸ਼-ਹਿੱਤੂ-੧੯੧੪ ਵਿੱਚ ਪਹਿਲੀ ਵੱਡੀ ਜੰਗ ਸ਼ੁਰੂ ਹੋ ਗਈ। ਕੈਨੇਡਾ ਵਿਚੋਂ ਬਹੁ-ਗਿਣਤੀ ਦੇ ਗੁਰਸਿੱਖ ਹਿੰਦੁਸਤਾਨ ਵਾਪਸ ਚਲੇ ਗਏ। ਭਾਰਤ ਜਾ ਕੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦੇ ਉਪਰਾਲੇ ਕੀਤੇ। ਕੈਨੇਡਾ ਤੇ ਅਮਰੀਕਾ ਵਿੱਚ ਵਸਦੇ ਭਾਰਤੀਆਂ ਨੇ ਗਦਰ ਪਾਰਟੀ ਬਣਾਈ, ਅਖਬਾਰ ਕੱਢੇ, ਮਾਇਆ ਤੇ ਜ਼ਰੂਰੀ ਸਮਾਨ ਨਾਲ ਭਾਰਤੀ ਇਨਕਲਾਬੀਆਂ ਦੀ ਸਹਾਇਤਾ ਕੀਤੀ।

ਉੱਚੇ ਆਦਰਸ਼ਾਂ ਵਾਲੇ ਸਿੰਘ ਭਾਰਤ ਵਾਪਸ ਜਾ ਚੁੱਕੇ ਸਨ। ੧੯੧੨ ਵਿੱਚ ਸਰਕਾਰ ਦੀ ਨਿਗਾਹ ਵਿੱਚ ਜੋ ਜਾਇਜ਼ ਵਸਨੀਕ ਸਨ, ਉਹਨਾਂ ਨੂੰ ਆਪਣੇ ਪਰਿਵਾਰ ਭਾਰਤ ਤੋਂ ਮੰਗਵਾਉਣ ਦੀ ਆਗਿਆ ਦੇ ਦਿੱਤੀ। ਜੋ ਸਿੱਖ ਬਾਕੀ ਇੱਥੇ ਰਹਿ ਗਏ ਸੀ ਆਪਣਾ ਗੁਜ਼ਾਰਨ ਕਰ ਛੱਡਦੇ ਸਨ। ਆਪਣੀ ਸੰਤਾਨ ਨੂੰ ਆਪਣੇ ਧਰਮ ਤੇ ਸਭਿਆਚਾਰ ਬਾਰੇ ਬਹੁਤ ਕੁਝ ਨਾ ਦੱਸ ਸਕੇ। ਇਸ ਲਈ ਦੋਹਾਂ ਪੀੜੀਆਂ ਵਿਚਕਾਰ ਕਾਫੀ ਵਿੱਥ ਪੈਂਦੀ ਗਈ। ਪਰ ਅੰਗਰੇਜ਼ੀ ਰਾਜ ਸੀ ਜਦੋ-ਜਹਿਦ ਚਲਦੀ ਰਹੀ। ਕਦੇ ਕਦੇ ਭਾਰਤ ਵਿੱਚ ਹੁੰਦੀ ਵਧੀਕੀ ਦੇ ਬਰਖਿਲਾਫ ਆਵਾਜ਼ ਉਠਾਉਂਦੇ ਅਤੇ ਉਥੇ ਦੀ ਸਰਕਾਰ ਨੂੰ ਤਾਰਾਂ ਦੇ ਦਿੰਦੇ।

੧੯੧੨ ਤੋਂ ਲੈ ਕੇ ੧੯੪੭ ਤੱਕ ਦਾ ਸਮਾਂ ਆਪਣੀ ਰਫਤਾਰ ਚਲਦਾ ਰਿਹਾ। ੧੯੪੭ ਵਿੱਚ ਭਾਰਤ ਨੂੰ ਆਜ਼ਾਦੀ ਮਿਲੀ ਤੇ ਇਸੇ ਸਾਲ ਹੀ ਕੈਨੇਡਾ ਦੀ ਸਰਕਾਰ ਨੇ ਭਾਰਤੀਆਂ ਨੂੰ ਵੋਟ ਦੇਣ ਦਾ ਹੱਕ ਤੇ ਕੈਨੇਡਾ ਦੇ ਸ਼ਹਿਰੀ ਬਣਨ ਦੇ ਅਧਿਕਾਰ ਦੇ ਦਿੱਤੇ। ਭਾਰਤ ਸਰਕਾਰ ਨਾਲ ਮਿਲਵਰਤਣ ਦੇ ਤੌਰ ਤੇ ਹਰ ਸਾਲ ਭਾਰਤ ਤੋਂ ਡੇਢ ਸੌ ਵਿਅਕਤੀਆਂ ਨੂੰ ਕੈਨੇਡਾ ਵਿੱਚ ਆ ਕੇ ਵਸਣ ਦੀ ਆਗਿਆ ਵੀ ਦੇ ਦਿੱਤੀ ਗਈ। ਭਾਰਤ ਤੋਂ ਸਿੱਖ ਪਰਿਵਾਰ ਆਉਣੇ ਸ਼ੁਰੂ ਹੋ ਗਏ। ੧੯੬੫ ਤੱਕ ਇੱਥੇ ਸਿੱਖਾਂ ਦੀ ਆਬਾਦੀ ਦੋ ਹਜ਼ਾਰ ਤੱਕ ਅਪੜ ਗਈ।

ਨਵੇਂ ਕਾਨੂੰਨ

੧੯੬੫ ਤੱਕ ਹਿੰਦੁਸਤਾਨ ਤੋਂ ਸਿਰਫ ਇਥੇ ਦੇ ਭਾਰਤੀਆਂ ਦੇ ਰਿਸ਼ਤੇਦਾਰ ਹੀ ਆਉਂਦੇ ਰਹੇ। ਪਰ ੧੯੬੭ ਵਿੱਚ ਇਮੀਗਰੇਸ਼ਨ ਦੇ ਨਵੇਂ ਕਾਨੂੰਨ ਬਣੇ ਜਿਸ ਰਾਹੀਂ ਕੋਈ ਵੀ ਵਿਅਕਤੀ ਖਾਸ ਨੰਬਰ ਲੈ ਕੇ ਆਜ਼ਾਦ ਵਾਸੀ ਦੇ ਤੌਰ ਤੇ ਆ ਸਕਦਾ ਸੀ। ਇਹ ਨੰਬਰ, ਉਮਰ, ਪੜ੍ਹਾਈ, ਕੰਮ ਦਾ ਤਜ਼ਰਬਾ, ਆਰਥਿਕ ਹਾਲਾਤ, ਕਾਮੇ ਦੀ ਲੋੜ, ਪਰਿਵਾਰ ਦੇ ਜੀਆਂ ਦੀ ਗਿਣਤੀ, ਕੈਨੇਡਾ ਵਿੱਚ ਵਸਦਾ ਕੋਈ ਰਿਸ਼ਤੇਦਾਰ..ਆਦਿ ਦੇ ਆਧਾਰ ਦੇ ਦਿੱਤੇ ਜਾਂਦੇ ਸਨ। ਇਸ ਚੰਗੇ ਕਾਨੂੰਨ ਦਾ ਹਰ ਮੁਲਕ ਵਾਸੀਆਂ ਨੇ ਫਾਇਦਾ ਉਠਾਇਆ। ਕਾਫੀ ਗਿਣਤੀ ਵਿੱਚ ਚੰਗੇ-ਪੜ੍ਹੇ ਲਿਖੇ ਸੂਝਵਾਨ ਸਿੱਖ ਪਰਿਵਾਰ ਹਿੰਦੁਸਤਾਨ, ਇੰਗਲੈਂਡ ਅਤੇ ਅਫਰੀਕਾ ਤੋਂ ਆ ਕੇ ਇੱਥੇ ਵੱਸ ਗਏ। ਪਰ ਇਸ ਦੇ ਨਾਲ ਹੀ ਕਾਨੂੰਨ ਦਾ ਨਜਾਇਜ਼ ਫਾਇਦਾ ਉਠਾਉਣ ਵਾਲਿਆਂ ਨੇ ਅੱਤ ਹੀ ਮਚਾ ਦਿੱਤੀ। ਟਰੈਵਲ ਏਜੰਟਾਂ ਨੇ ਸ਼ੁਰੂ ਸ਼ੁਰੂ ਵਿੱਚ ਇੱਕ ਵਿਅਕਤੀ ਨੂੰ ਇਮੀਗਰੇਸ਼ਨ ਦਿਵਾਉਣ ਦੀ ਕੀਮਤ ਦਸ ਹਜ਼ਾਰ ਰੁਪਏ ਰੱਖੀ ਸੀ। ਪਰ ਅੱਜਕਲ ਡੇਢ ਤੋਂ ਦੋ ਲੱਖ ਰੁਪਈਏ ਤੱਕ ਪੁੱਜ ਗਈ ਹੈ। ਸਿੱਧੇ ਤੇ ਅਸਿੱਧੇ ਤਰੀਕੇ ਨਾਲ ਭਾਰਤ ਤੇ ਪੰਜਾਬ ਤੋਂ ਲੋਕਾਂ ਦਾ ਕੈਨੇਡਾ ਵਿੱਚ ਆਉਣਾ ਨਿਰੰਤਰ ਜਾਰੀ ਹੈ। ਇਸ ਵੇਲੇ ਕੈਨੇਡਾ ਵਿੱਚ ਭਾਰਤੀਆਂ ਦੀ ਗਿਣਤੀ ਪੰਜ ਲੱਖ ਪੰਜਾਹ ਹਜ਼ਾਰ ਹੈ। ਜਿਸ ਵਿਚੋਂ ਬ੍ਰਿਟਿਸ਼ ਕੋਲੰਬੀਆਂ ਵਿੱਚ, ਸਿਰਫ ਸਿੱਖਾਂ ਦੀ ਹੀ, ਆਬਾਦੀ ਇੱਕ ਲੱਖ ਅੱਸੀ ਹਜ਼ਾਰ ਹੈ। ਦੂਜੇ ਨੰਬਰ ਤੇ ਟੋਰੰਟੋ ਵਿੱਚ ਸਿੱਖਾਂ ਦੀ ਆਬਾਦੀ ਹੈ। ਵੈਸੇ ਹਰ ਚੰਗੇ ਸ਼ਹਿਰ ਵਿੱਚ ਸਿੱਖਾਂ ਦੀ ਵਸੋਂ ਹੈ।

ਗੁਰਦਵਾਰੇ

੧੯੦੮ ਵਿੱਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਧਾਰਮਿਕ, ਸਮਾਜਿਕ

ਤੇ ਭਾਈਚਾਰਕ ਲੋੜਾਂ ਪੂਰੀਆਂ ਕਰਨ ਲਈ ਕਾਇਮ ਕੀਤੀ ਗਈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਸੁਸਾਇਟੀ ਦੇ ਅਧੀਨ ਕਈ ਹੋਰ ਗੁਰਦੁਆਰੇ ਵੀ ਬਣੇ। ਆਪਸ ਵਿੱਚ ਬਹੁਤ ਹੀ ਪਿਆਰ ਤੇ ਮਿਲਵਰਤਣ ਸੀ। ਸਾਲਾਨਾ ਗੁਰਪੁਰਬ ਨੀਯਤ ਕੀਤੀ ਥਾਂ ਤੇ ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਸਿਖ ਪਰਿਵਾਰ ਇਕੱਤਰ ਹੋ ਕੇ ਬੜੇ ਹੀ ਉਤਸ਼ਾਹ ਨਾਲ ਮਨਾਉਂਦੇ ਸਨ।

ਕੋਈ ਖਾਸ ਤਾਰੀਖ ਜਾਂ ਸੰਨ ਨਹੀਂ ਮਿਲਦਾ ਕਿ ਕਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਨੰਗੇ ਸਿਰ ਆਉਣ ਦੀ ਭੈੜੀ ਰੀਤ ਚੱਲੀ। ਹਾਂ ੧੯੪੯ ਦੀ ਇੱਕ ਇਤਿਹਾਸਕ ਫੋਟੋ ਹੈ। ਜਿਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਗੁਰੂ ਦਰਬਾਰ ਅੰਦਰ ਨੰਗੇ ਸਿਰ ਖੜ੍ਹੇ ਭਾਸ਼ਨ ਦੇ ਰਹੇ ਹਨ। ਹੈਰਾਨੀ ਹੈ ਕਿ ਪੰਡਿਤ ਜੀ ਵੀ ਸਿਰ ਨੰਗੇ ਖਲੋਤੇ ਹਨ ਤੇ ਹੋਰ ਤਅੱਜਬ ਹੈ ਕਿ ਉਸ ਸਮੇਂ ਦੇ ਪ੍ਰਬੰਧਕਾਂ ਨੇ ਉਹਨਾਂ ਨੂੰ ਕ੍ਰਿਪਾਨ ਸਿਰਪਾਉ ਵਜੋਂ ਦਿੱਤੀ।

੧੯੫੩ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਪ੍ਰਬੰਧਕ ਕੇਸਾਧਾਰੀ ਹੀ ਹੁੰਦੇ ਸਨ। ਪਰ ਉਸ ਸਾਲ ਬਹੁ-ਗਿਣਤੀ ਨਾਲ ਪਾਸ ਕੀਤਾ ਗਿਆ ਕਿ ਕੋਈ ਵੀ ਸੇਵਾਦਾਰ ਹੋ ਸਕਦਾ ਹੈ। ਉਸਦਾ ਨਤੀਜਾ ਇਹ ਹੋਇਆ ਕਿ ਪੰਡਿਤ ਸਿੱਖ ਗੁਰਦੁਆਰਿਆਂ ਦੇ ਪ੍ਰਬੰਧਕ ਬਣ ਗਏ। ਪਰ ਕੁਝ ਸ਼ਰਧਾਲੂ ਤੇ ਅੰਮ੍ਰਿਤਧਾਰੀ ਸਿੰਘ ਇਸ ਨਵੀਂ ਤਬਦੀਲੀ ਦੇ ਵਿਰੁੱਧ ਸਨ। ਉਹਨਾਂ ਰਲ ਕੇ ਸੰਗਤ ਦੇ ਸਹਿਯੋਗ ਨਾਲ ਵੈਨਕੂਵਰ ਤੇ ਵਿਕਟੋਰੀਆ ਵਿੱਚ ਅਕਾਲੀ ਸਿੰਘ ਗੁਰਦੁਆਰੇ ਖੋਲ੍ਹੇ ਅਤੇ ਆਪਣੇ ਵਿਧਾਨ ਵਿੱਚ ਇਹ ਮਤਾ ਪਾਸ ਕੀਤਾ ਕਿ ਪ੍ਰਬੰਧਕ ਸੇਵਾਦਾਰ ਅੰਮ੍ਰਿਤਧਾਰੀ ਹੀ ਹੋਣਗੇ। ਖਾਲਸਾ ਦੀਵਾਨ ਸੁਸਾਇਟੀ ਨੇ ੧੯੬੯ ਵਿੱਚ ੮੦੦੦ ਰੌਸ ਸਟਰੀਟ ਵੈਨਕੂਵਰ ਵਿਖੇ ਇੱਕ ਬਹੁਤ ਹੀ ਵੱਡਾ ਆਲੀਸ਼ਾਨ ਗੁਰਦੁਆਰਾ ਬਣਾਇਆ। ਇਸ ਸਮੇਂ ਸੰਗਤਾਂ ਵਿੱਚ ਅੰਤਾਂ ਦਾ ਉਤਸ਼ਾਹ ਸ਼ਰਧਾ ਤੇ ਲਗਨ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਨਵੰਬਰ ੧੯੬੯ ਵਿੱਚ ਇਸ ਨਵੇਂ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਵਿੱਚ ਖੁਸ਼ੀ ਤੇ ਚਾਅ ਦਾ ਇੱਕ ਹੜ੍ਹ ਸੀ। ਇਸ ਇੱਕ ਦਿਨ ਦੀ ਉਗਰਾਹੀ 33000 ਹਜ਼ਾਰ ਡਾਲਰ ਹੋਈ ਸੀ। ੧੯੬੦ ਤੋਂ ਪਹਿਲਾਂ ਪਤਿਤ ਸਿੱਖ ਆਮ ਤੌਰ ਤੇ ਨੰਗੇ ਸਿਰ ਹੀ ਗੁਰਦੁਆਰਿਆਂ ਵਿੱਚ ਆਉਂਦੇ ਰਹੇ, ਕਿਸੇ ਨੇ ਵੀ ਰੋਕ ਟੋਕ ਨਹੀਂ ਕੀਤੀ। ਪਰ ਇਹਨਾਂ ਦਿਨਾਂ ਵਿੱਚ ਕੇਸਾਧਾਰੀ ਸਿੰਘਾਂ ਤੇ ਕੁਝ ਕੁ ਸਹਿਜਧਾਰੀ ਸਿੱਖਾਂ ਨੇ ਆਵਾਜ਼ ਉਠਾਉਣੀ ਸ਼ੁਰੂ ਕੀਤੀ ਕਿ ਗੁਰੂ ਦਰਬਾਰ ਅੰਦਰ ਨੰਗੇ ਸਿਰ ਆਉਣਾ ਸਿੱਖ ਰਹੁ ਰੀਤੀ ਦੇ ਵਿਰੁੱਧ ਹੈ। ਅਕਾਲ ਪੁਰਖ ਦੀ ਮਿਹਰ ਦੇ ਨਾਲ ਟਾਂਵੇ ਟਾਂਵੇ ਚੰਗੇ ਪ੍ਰਚਾਰਕ ਵੀ ਆਉਣੇ ਸ਼ੁਰੂ ਹੋ ਗਏ। ਉੱਚ ਜੀਵਨ ਵਾਲੇ ਗੁਰ-ਸਿੱਖਾਂ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਆਦਰ ਤੇ ਸਤਿਕਾਰ ਨਾਲ ਸਿਰ ਢੱਕਕੇ ਆਉਣ ਲਈ ਪ੍ਰੇਰਿਆ।

ਜੁਲਾਈ ੧੯੭੪ ਵਿੱਚ ਸਿੱਖ ਪੰਥ ਦੇ ਨੇਤਾ ਬ੍ਰਿਟਿਸ਼ ਕੰਲੋਬੀਆ ਦੀਆਂ ਚਾਰ ਗੁਰਦੁਆਰਾ ਸੁਸਾਇਟੀਆਂ ਦੇ ਸੱਦੇ ਪੱਤਰ ਅਤੇ ਖਰਚੇ ਤੇ ਆਏ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਮਹਿੰਦਰ ਸਿੰਘ ਜੀ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਸਰਦਾਰ ਹੁਕਮ ਸਿੰਘ ਜੀ ਪ੍ਰਧਾਨ ਸਿੰਘ ਸਭਾ ਸ਼ਤਾਬਦੀ ਕਮੇਟੀ, ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ ਆਪਣੇ ਖਰਚੇ ਤੇ ਆਏ। ਭਾਈ ਸਾਹਿਬ ਸਿੰਘ ਸਾਹਿਬ, ਹਰਭਜਨ ਸਿੰਘ ਯੋਗੀ ਤੇ ਗੋਰੇ ਸਿੰਘਾਂ ਦਾ ਜਥਾ ਇਹਨਾਂ ਸਭਨਾਂ ਨੇ ਇਥੇ ਦੀਆਂ ਚਾਰ ਸੁਸਾਇਟੀਆਂ ਦੇ ਪ੍ਰਬੰਧਕਾਂ ਦੇ ਨਾਲ ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ, ਅਤੇ ਹਰ ਗੁਰਦੁਆਰੇ ਅੰਦਰ ਨਿਧੜਕਤਾ ਨਾਲ ਡੱਟ ਕੇ ਸਿਰ ਢੱਕ ਕੇ ਆਉਣ ਦਾ ਪੁਰ ਜ਼ੋਰ ਪ੍ਰਚਾਰ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ੧੩ ਸਤੰਬਰ ੧੯੭੪ ਨੂੰ ਸਿਰ ਢੱਕਣ ਸਬੰਧੀ ਖਾਸ ਮਤਾ ਪਾਸ ਕਰਕੇ ਇਥੇ ਭੇਜਿਆ। ਹੌਲੀ ਹੌਲੀ ਤਬਦੀਲੀਆਂ ਆਉਣੀਆਂ ਸ਼ੁਰੂ ਹੋਈਆਂ ਅਤੇ ਹੁਣ ਗੁਰੂ ਦੀ ਮਿਹਰ ਦੇ ਨਾਲ ਸਿਰ ਢੱਕਣ ਵਾਲਾ ਮੋਰਚਾ ਤਕਰੀਬਨ ਫਤਹਿ ਹੀ ਹੋ ਗਿਆ ਹੈ।

ਨਵੰਬਰ ੧੯੭੫ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਉੱਚੇ ਪੱਧਰ ਤੇ ਸਾਰੇ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਮਨਾਇਆ ਗਿਆ। ਸ੍ਰੀ ਅਖੰਡਪਾਠ ਸਾਹਿਬ, ਕੀਰਨ ਦਰਬਾਰ, ਖਾਸ ਦੀਵਾਨ, ਵਿਆਖਿਆ ਸਹਿਤ ਸਲਾਈਡ ਸ਼ੋਅ, ਇਤਿਹਾਸਕ ਪੇਟਿੰਗ ਦੀ ਪ੍ਰਦਰਸ਼ਨੀ ਤੇ ਖਾਸ ਸੋਵੀਨੀਅਰ ਛਾਪਿਆ ਗਿਆ।

ਅੱਜਕਲ੍ਹ ਬ੍ਰਿਟਿਸ਼ ਕੋਲੰਬੀਆ ਵਿੱਚ ਬੜੇ ਹੀ ਆਲੀਸ਼ਾਨ (੪੮) ਗੁਰਦੁਆਰੇ ਹਨ। ਕਈ ਗੁਰਦੁਆਰਿਆਂ ਦੇ ਮੇਨ ਹਾਲ ਏਨੇ ਵੱਡੇ ਤੇ ਖੁੱਲ੍ਹੇ ਹਨ ਕਿ ਇਕੋ ਸਮੇਂ ਅੰਦਰ ਅੱਠ ਸੌ ਤੋਂ ਲੈ ਕੇ ਹਜਾਰ ਤੱਕ ਸਿੱਖ ਸੰਗਤ ਬੈਠ ਸਕਦੀ ਹੈ। ੧੯੭੨ ਵਿੱਚ ਨਾਨਕਸਰ ਵਾਲਿਆਂ ਦਾ ਕੀਰਤਨੀ ਜਥਾ ਅਤੇ ੧੯੭੫ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਬਾਰ ਸਾਹਿਬ ਦਾ ਭਾਈ ਬਖਸ਼ੀਸ ਸਿੰਘ ਜੀ ਦਾ ਰਾਗੀ ਜਥਾ ਇਥੇ ਆਇਆ ਸੀ। ਇਸ ਤੋਂ ਮਗਰੋਂ ਰਾਗੀ ਜਥੇ, ਪੰਥ ਦੇ ਮਹਾਨ ਵਿਦਵਾਨ, ਕਥਾ ਵਾਚਕ, ਢਾਡੀ ਜਥੇ, ਗ੍ਰੰਥੀ ਸਿੰਘ, ਸਿੰਘ ਸਾਹਿਬ, ਜਥੇਦਾਰ, ਅਕਾਲੀ ਤੇ ਸਿਆਸੀ ਲੀਡਰਾਂ ਦੇ ਨਾਲ ਨਾਲ ਧਰਮ ਦੇ ਪ੍ਰਚਾਰਕਾਂ ਦੀ ਕਾਫੀ ਗਿਣਤੀ ਵਿੱਚ ਆਵਾਜਾਈ ਲਗਾਤਾਰ ਜਾਰੀ ਹੈ। ਬੜੇ ਹੀ ਸ਼ਾਨਦਾਰ ਧਾਰਮਿਕ ਪ੍ਰੋਗਰਾਮਾਂ ਦੇ ਨਾਲ ਗੁਰਦਵਾਰਿਆਂ ਦੇ ਅੰਦਰ ਦੀਵਾਨ ਸੱਜਦੇ ਹਨ। ਗੁਰੂ ਦਰਬਾਰ ਅੰਦਰ ਆਦਰ ਤੇ ਸਤਿਕਾਰ ਨਾਲ ਸੰਗਤਾਂ ਜੁੜਦੀਆਂ ਹਨ।

੧੯੮੪ ਤੋਂ ਇਥੇ ਬਹੁਤ ਹੀ ਪਰਿਵਰਤਨ ਆਇਆ। ਸਿੱਖ ਧਰਮ ਦਾ ਪ੍ਰਚਾਰ ਬਹੁਤ ਵਧਿਆ। ਅੰਮ੍ਰਿਤ ਸੰਚਾਰ ਸ਼ੁਰੂ ਹੋਏ। ਨੌਜੁਆਨ ਸਿੱਖ ਲੜਕੇ ਜ਼ਿਆਦਾ ਗਿਣਤੀ ਵਿੱਚ ਦਸਤਾਰਾਂ ਸਜਾਉਣ ਲੱਗ ਪਏ। ਕੁਝ ਵਰ੍ਹੇ ਪਹਿਲਾਂ ਇਥੇ ਪੰਜ ਪਿਆਰਿਆਂ ਦੀ ਦੇਗ ਵਾਸਤੇ ਵੀ ਅੰਮ੍ਰਿਤਧਾਰੀ ਸਿੰਘ ਨਹੀਂ ਸਨ ਹੁੰਦੇ। ਪਰ ਹੁਣ ਗੁਰੂ ਦੀ ਮਿਹਰ ਦੇ ਨਾਲ ਹਜਾਰਾਂ ਦੀ ਗਿਣਤੀ ਵਿੱਚ ਅੰਮ੍ਰਿਤਧਾਰੀ ਸਿੰਘ ਸਜੇ ਹੋਏ ਹਨ। ਵੈਨਕੂਵਰ ਦੇ ਗੁਰਦੁਆਰਿਆਂ ਵਿੱਚ ਹਰ ਹਫਤੇ ਸ੍ਰੀ ਅਖੰਡਪਾਠ ਸਾਹਿਬ ਹੁੰਦੇ ਹਨ। ਨਿਤਾ ਪ੍ਰਤੀ ਸਵੇਰੇ ਤੇ ਸ਼ਾਮੀਂ ਦੀਵਾਨ ਸਜਦੇ ਹਨ। ਹਰ ਰੋਜ਼ ਸਵੇਰੇ ਆਸਾ ਜੀ ਦੀ ਵਾਰ ਦਾ ਸੰਪੂਰਨ ਕੀਰਤਨ ਹੁੰਦਾ ਹੈ। ਸਾਰਾ ਦਿਨ ਗੁਰੂ ਕਾ ਲੰਗਰ ਤੇ ਦੇਗ ਵਰਤਦੀ

ਹੈ। ਰੈਣ ਸਭਾਈ ਕੀਰਤਨ ਦਰਬਾਰ, ਕਵੀ ਦਰਬਾਰ, ਇਸਤਰੀ ਸਤਿ ਸੰਗ ਬੱਚਿਆਂ ਦੇ ਕੀਰਤਨ ਦਰਬਾਰ ਤੇ ਕੀਰਤਨ ਮੁਕਾਬਲੇ ਹੁੰਦੇ ਹਨ। ਜੇਤੂਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਦਿੱਤੇ ਜਾਂਦੇ ਹਨ। ਹਰ ਗੁਰਪੁਰਬ ਤੇ ਅੰਮ੍ਰਿਤ ਬਾਟਾ ਤਿਆਰ ਹੁੰਦਾ ਹੈ ਤੇ ਅੰਮ੍ਰਿਤ ਅਭਿਲਾਸ਼ੀ ਅੰਮ੍ਰਿਤ ਪਾਨ ਕਰਦੇ ਹਨ। ਗੁਰਬਾਣੀ ਸੰਥਿਆ, ਕੀਰਤਨ, ਧਾਰਮਿਕ ਇਤਿਹਾਸ ਤੇ ਪੰਜਾਬੀ ਦੀਆਂ ਕਲਾਸਾਂ ਗੁਰੂ ਘਰਾਂ ਵਿੱਚ ਲੱਗਦੀਆਂ ਹਨ। ਇਥੇ ਦੇ ਜੰਮਪਲ ਬੱਚੇ ਸ੍ਰੀ ਅਖੰਡਪਾਠੀ ਤੇ ਕੀਰਤਨੀਏ ਤਿਆਰ ਹੋ ਰਹੇ ਹਨ। ਗੋਰੇ ਕੈਨੇਡੀਅਨਜ਼ ਦੇ ਗਰੁੱਪ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੇ ਹਨ। ਇਹਨਾਂ ਗਰੁੱਪਾਂ ਨੂੰ ਅੰਗਰੇਜ਼ੀ ਵਿੱਚ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਗਰਮੀਆਂ ਦੀਆਂ ਛੁੱਟੀਆਂ ਵਿੱਚ ਗੁਰਦੁਆਰਿਆਂ ਵਲੋਂ ਤੇ ਹੋਰ ਸੰਸਥਾਵਾਂ ਵਲੋਂ ਸਮਰ ਕੈਂਪ ਲਗਾ ਕੇ ਉੱਠ ਰਹੀ ਪਨੀਰੀ ਨੂੰ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰਦੁਆਰਿਆਂ ਤੋਂ ਇਲਾਵਾ ਹੋਰ ਕਈ ਸੁਸਾਇਟੀਆਂ ਸਕੂਲਾਂ ਦੇ ਕਮਰੇ ਕਿਰਾਏ ਤੇ ਲੈ ਕੇ ਵਿਦਿਆਰਥੀਆਂ ਨੂੰ ਸਿੱਖ ਧਰਮ ਤੇ ਪੰਜਾਬੀ ਦੀ ਸਿਖਿਆ ਦਿੰਦੀਆਂ ਹਨ। ਸਾਧਾਂ, ਸੰਤਾਂ ਤੇ ਬਾਬਿਆਂ ਦੇ ਵੀ ਕਈ ਡੇਰੇ ਹਨ ਤੇ ਇਸ ਸ਼੍ਰੇਣੀ ਵਿੱਚ ਵੀ ਵਾਧਾ ਹੋ ਰਿਹਾ ਹੈ। ਘਰਾਂ ਵਿੱਚ ਤੇ ਪ੍ਰਾਈਵੇਟ ਹਾਲ ਕਿਰਾਏ ਤੇ ਲੈ ਕੇ ਵੀ ਸਮਾਗਮ ਹੁੰਦੇ ਰਹਿੰਦੇ ਹਨ। ਕੈਨੇਡਾ ਤੋਂ ਗੁਰਧਾਮਾਂ ਦੀ ਯਾਤਰਾ ਲਈ ਹਿੰਦੁਸਤਾਨ, ਪੰਜਾਬ ਤੇ ਪਾਕਿਸਤਾਨ ਲਈ ਜਥੇ ਵੀ ਜਾਂਦੇ ਹਨ। ਕਈ ਸੰਸਥਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਗੁਟਕੇ, ਧਾਰਮਿਕ ਲਿਟਰੇਚਰ, ਕੀਰਤਨ ਤੇ ਕਥਾ ਦੀਆਂ ਕੈਸਿਟਾਂ, ਵੀਡੀਓ, ਕੀਰਤਨ ਕਈ ਸਾਜ਼, ਕਕਾਰ ਆਦਿ ਬਹੁਤ ਥੋੜ੍ਹੀ ਭੇਟਾ ਲੈ ਕੇ ਪ੍ਰਚਾਰ ਹਿੱਤ ਨਿਸ਼ਕਾਮ ਸੇਵਾ ਕਰਦੀਆਂ ਹਨ। ਸਿੱਖ ਧਰਮ ਦਾ ਪ੍ਰਚਾਰ ਆਸ਼ਾਵਾਦੀ ਮਾਰਗ ਵੱਲ ਵਧ ਰਿਹਾ ਹੈ। ਵੈਸੇ ਕਦੇ ਕਦਾਈ ਗੁਰੂ ਘਰਾਂ ਵਿੱਚ ਵਾਦ-ਵਿਵਾਦ, ਲੜਾਈ ਝਗੜਾ, ਮੁਕੱਦਮੇਬਾਜ਼ੀ ਤੇ ਬਦਕਿਸਮਤੀ ਨਾਲ ਖ਼ੂਨ ਖਰਾਬੇ ਤੱਕ ਵੀ ਨੌਬਤ ਆ ਜਾਂਦੀ ਹੈ। ਸਿੱਖ ਰਹਿਤ ਮਰਿਯਾਦਾ ਪੱਖੋਂ ਵੀ ਆਪਸ ਵਿੱਚ ਬਹੁਤ ਮਤਭੇਦ ਹਨ।

੧੯੭੯ ਵਿੱਚ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਪੰਜ ਸੌ ਸਾਲਾ ਅਵਤਾਰ ਪੁਰਬ ਤੇ ਵੈਨਕੂਵਰ ਵਿੱਚ ਨਗਰ ਕੀਰਤਨ ਸ਼ੁਰੂ ਹੋਇਆ ਅਤੇ ਹੁਣ ਹਰ ਸਾਲ ਵਿਸਾਖੀ ਤੇ ਨਗਰ ਕੀਰਤਨ ਹੁੰਦਾ ਹੈ। ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਦੂਰ-ਦੁਰਾਡਿਓਂ ਆ ਕੇ ਬੜੇ ਹੀ ਉਤਸ਼ਾਹ ਨਾਲ ਸ਼ਾਮਲ ਹੁੰਦੀਆਂ ਹਨ। ਨਗਰ ਕੀਰਤਨ ਦੇ ਮਾਰਗ ਤੇ ਅਤੁੱਟ ਲੰਗਰ ਵਰਤਦੇ ਹਨ। ੧੯੯੪ ਤੋਂ ਸਰੀ ਵਿੱਚ ਵੀ ਮੀਰੀ-ਪੀਰੀ ਨਗਰ ਕੀਰਤਨ ਆਰੰਭ ਹੋਇਆ। ਇਸ ਨਗ ਕੀਰਤਨ ਅੰਦਰ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਭਾਗ ਲੈਂਦੀਆਂ ਹਨ ਤੇ ਨਗਰ ਕੀਰਤਨ ਦੇ ਮਾਰਗ ਅੰਦਰ ਅਤੁੱਟ ਲੰਗਰ ਦੀ ਸੇਵਾ ਦਾ ਪ੍ਰਵਾਹ ਚਲਦਾ ਹੈ। ਜੂਨ ੧੯, ੧੯੯੬ ਨੂੰ ਸਰੀ ਦੇ ਇਲਾਕੇ ਦੀ ਮਾਰਕੀਟ ਜਿਸ ਏਰੀਏ ਵਿੱਚ ਭਾਰਤੀਆਂ ਦਾ ਹੀ ਜ਼ਿਆਦਾ ਬਿਜ਼ਨਿਸ ਹੈ। ਇਸ ਇਲਾਕੇ ਨੂੰ ਪੰਜਾਬੀ ਬਾਜ਼ਾਰ ਦਾ ਨਾਮ ਦਿੱਤਾ ਗਿਆ ਅਤੇ ਸੜਕਾਂ ਦੇ ਨਵੇਂ ਚਿੰਨੇ ਅੰਗਰੇਜ਼ੀ ਦੇ ਨਾਲ ਪੰਜਾਬੀ ਵਿੱਚ ਲਗਾਏ ਗਏ। ਜੂਨ ੩੦, ੧੯੯੬ ਨੂੰ ਨਗਰ ਕੀਰਤਨ ਦੇ ਦੌਰਾਨ ਸ਼ਾਨਦਾਰ ਗੇਟ ਤੇ ਸਜੀ ਹੋਈ ਸਟੇਜ ਤੋਂ ਸੰਗਤਾਂ ਦੀ ਹਜਾਰਾਂ ਦੀ ਤਦਾਦ ਦੀ ਹਾਜ਼ਰੀ ਵਿੱਚ ਡੈਲਟਾ ਦੀ ਐਮ. ਐਲ. ਏ. ਸ੍ਰੀਮਤੀ ਸੂਅ ਹੈਮਲ, ਡੈਲਟਾ ਦੀ ਮੇਅਰ ਸ੍ਰੀਮਤੀ ਬੈਥ ਜੌਹਨਸਨ ਤੇ ਸਰੀ ਦੇ ਮੇਅਰ ਸ੍ਰੀ ਮਾਨ ਬੌਬ ਬੌਸ ਨੇ ਰਸਮੀ ਤੌਰ ਤੇ ਉਦਘਾਟਨ ਕੀਤਾ। ਵਿਸ਼ੇਸ਼ ਮੀਰੀ-ਪੀਰੀ ਸੋਵੀਨੀਅਰ ਵੰਡਿਆ ਗਿਆ। ੧੯੯੫ ਤੋਂ ੧੯੯੬ ਇਹ ਸਾਰਾ ਸਾਲ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਚਾਰ ਸੌ ਸਾਲਾ ਅਵਤਾਰ ਪੁਰਬ ਧਾਰਮਿਕ ਪ੍ਰੋਗਰਾਮਾਂ ਦੇ ਨਾਲ ਹਰ ਧਾਰਮਿਕ ਸੁਸਾਇਟੀ ਨੇ ਬੜੀ ਹੀ ਸ਼ਰਧਾ ਤੇ ਉਤਸ਼ਾਹ ਨਾਲ ਉੱਚੇ ਪੱਧਰ ਤੇ ਮਨਾਇਆ। ਸਤੰਬਰ ੧੯੯੬ ਤੋਂ ਐਬਟਸਫੋਰਡ ਵਿਖੇ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਤੇ ਨਗਰ ਕੀਰਤਨ ਸ਼ੁਰੂ ਹੋ ਗਿਆ ਹੈ। ਵਿਦੇਸ਼ਾਂ ਵਿੱਚ ਇਹ ਨਗਰ ਕੀਰਤਨ ਸਿੱਖਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ।

ਜੂਨ ੧੯੮੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਅਟੈਕ ਬਲਿਊ ਸਟਾਰ ਨੇ ਸਿੱਖ ਜਗਤ ਦੇ ਹਰ-ਸਿੱਖ ਦੇ ਹਿਰਦੇ ਨੂੰ ਥਰਥਰਾ ਦਿੱਤਾ। ੨੪ ਜੂਨ ੧੯੮੪ ਸ਼ਨਿਚਰਵਾਰ ਨੂੰ ਵੈਨਕੂਵਰ ਵਿਖੇ ਇਸ ਰੋਸ ਦਾ ਬਹੁਤ ਹੀ ਵੱਡਾ ਮੁਜ਼ਾਹਰਾ ਜੈਕਾਰਿਆਂ ਦੀ ਗੂੰਜ ਤੇ ਨਾਹਰਿਆਂ ਦੇ ਨਾਲ ਤਕਰੀਬਨ ਵੀਹ ਹਜ਼ਾਰ ਦੀ ਸਿੱਖ ਸੰਗਤਾਂ ਦੀ ਗਿਣਤੀ ਵਿੱਚ ਹੋਇਆ। ਇੰਡੀਅਨ ਕੌਂਸਲਰ ਜਨਰਲ ਦੇ ਦਫਤਰ ਅੱਗੇ ਇੰਦਰਾ ਗਾਂਧੀ ਦਾ ਪੁਤਲਾ ਵੀ ਬੜੇ ਹੀ ਜੋਸ਼ੀਲੇ ਤੇ ਕ੍ਰੋਧ ਭਰੇ ਵਾਤਾਵਰਨ ਵਿੱਚ ਸਾੜਿਆ ਗਿਆ। ਜਦੋਂ ਰਾਜੀਵ ਗਾਂਧੀ ਵੈਨਕੂਵਰ ਆਇਆ ਉਦੋਂ ਵੀ ੨੪ ਸਤੰਬਰ ੧੯੮੮ ਸ਼ਨਿਚਰਵਾਰ ਨੂੰ ਇਸਦੇ ਵਿਰੋਧ ਵਿੱਚ ਸਿੱਖ ਸੰਗਤਾਂ ਨੇ ਮੁਜ਼ਾਹਰਾ ਕੀਤਾ। ੧੯੮੪ ਦੀ ਦੁਰਘਟਨਾ ਤੋਂ ਬਾਅਦ ਕੈਨੇਡਾ ਵਿੱਚ ਕਈ ਸੁਸਾਇਟੀਆਂ ਹੋਂਦ ਵਿੱਚ ਆਈਆਂ। ਪਰ ਦੋ ਦੇ ਨਾਮ ਵਰਨਣਯੋਗ ਹਨ। ਡਬਲਿਊ. ਐਸ. ਓ. ਵਰਡਲ ਸਿੱਖ ਆਰਗੇਨਾਈਜੇਸ਼ਨ ਅਤੇ ਆਈ.ਐਸ. ਵਾਈ. ਐਫ. ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਇਹ ਦੋਵੇਂ ਸੁਸਾਇਟੀਆਂ ਹਰ ਪੱਖੋਂ ਸਿੱਖਾਂ ਦੇ ਹਿੱਤਾਂ ਵਿੱਚ ਪੂਰੀ ਯੋਗਤਾ ਨਾਲ ਕੰਮ ਕਰ ਰਹੀਆਂ ਹਨ।

ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਥਿਤੀ

